**ਜ਼ਰੂਰੀ ਸੂਚਨਾ**

ਮਾਲਵਾ ਬਾਣੀ ਵਿਚ ਆਪਣੇ ਸ਼ਹਿਰ ਦੀ ਖਬਰ ਭੇਜਣ ਜਾਂ ਇਸ਼ਤਿਹਾਰ ਦੇਣ ਸੰਬੰਧੀ ਹੇਠ ਲਿਖੇ ਨੰਬਰਾਂ ਤੇ ਸੰਪਰਕ ਕੀਤਾ ਜਾਵੇ।

ਮੋ: 78890-72071, 96539-55551



Rni.PUNPUN/2022/85964

# ਮਾਲਵਾ ਬਾਣੀ

E.mail. malwabani2021@gmail.com

ਸਾਲ 4 ▪ ਅੰਕ 210 ▪ 26 ਅਕਤੂਬਰ 2025 ▪ ਐਤਵਾਰ ▪ ਸਫ਼ੇ 6 ▪ ਮੁੱਲ 2 ਰੁਪਏ ▪ ਸ੍ਰੀ ਮੁਕਤਸਰ ਸਾਹਿਬ



**ਪੱਤਰਕਾਰਾਂ ਦੀ ਲੋੜ ਹੈ**

ਸ੍ਰੀ ਮੁਕਤਸਰ ਸਾਹਿਬ ਤੋਂ ਰੋਜ਼ਾਨਾ ਪ੍ਰਕਾਸ਼ਿਤ ਹੁੰਦੇ ਮਾਲਵਾ ਬਾਣੀ ਅਖਬਾਰ ਨੂੰ ਵੱਖ ਵੱਖ ਜ਼ਿਲ੍ਹਿਆਂ ਵਿੱਚੋਂ ਪੱਤਰਕਾਰਾਂ ਦੀ ਲੋੜ ਹੈ। ਚਾਹਵਾਨ ਪੱਤਰਕਾਰ ਬਣਨ ਲਈ ਸੰਪਰਕ ਕਰਨ।

ਮੋ. 78890-72071


## ਲਾੜੀ ਬਣ ਕੇ ਚੜ੍ਹਨਾ ਸੀ ਡੋਲੀ ਪਰ ਬਰਾਤ ਆਉਣ ਤੋਂ ਪਹਿਲਾਂ ਉੱਠੀ ਘਰ ’ਚੋਂ ਅਰਥੀ

### ਡੋਲੀ ਵਾਲੇ ਸੂਟ ’ਚ ਉੱਠੀ ਅਰਥੀ, ਪੂਰੇ ਇਲਾਕੇ ’ਚ ਸੋਗ ਦਾ ਮਾਹੌਲ



**ਕੋਟਕਪੂਰਾ, 25 ਅਕਤੂਬਰ (ਟਿੰਕੂ ਕੁਮਾਰ)** :- ਜ਼ਿਲ੍ਹੇ ਦੇ ਪਿੰਡ ਬਰਗਾੜੀ ਵਿਚ ਇਕ ਦਿਲ ਦਹਿਲਾ ਦੇਣ ਵਾਲੀ ਘਟਨਾ ਸਾਹਮਣੇ ਆਈ ਹੈ। ਜਿਥੇ ਇਕ ਪਰਿਵਾਰ ਆਪਣੀ ਧੀ ਦੀ ਡੋਲੀ ਤੋਰਨ ਦੀਆਂ ਤਿਆਰੀਆਂ ਵਿਚ ਰੁੱਝਿਆ ਹੋਇਆ ਸੀ ਪਰ ਕਿਸਮਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਵਿਆਹ ਤੋਂ ਸਿਰਫ਼ ਇਕ ਦਿਨ ਪਹਿਲਾਂ ਹੀ ਲਾੜੀ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ। ਮਿਲੀ ਜਾਣਕਾਰੀ ਅਨੁਸਾਰ ਮ੍ਰਿਤਕ ਲੜਕੀ ਦਾ ਨਾਮ ਪੂਜਾ ਪੁੱਤਰੀ ਹਰਜਿੰਦਰ ਸਿੰਘ ਸੀ, ਜੋ ਬਰਗਾੜੀ ਪਿੰਡ ਦੀ ਰਹਿਣ ਵਾਲੀ ਸੀ। ਉਸਦਾ ਰਿਸ਼ਤਾ ਨਜ਼ਦੀਕੀ ਪਿੰਡ ਰਾਊਕੇ ਦੇ ਇਕ ਨੌਜਵਾਨ ਨਾਲ ਹੋਇਆ ਸੀ, ਜੋ ਵਿਦੇਸ਼ ਵਿਚ ਰਹਿੰਦਾ ਸੀ। ਮੁੰਡੇ ਦੇ ਵਿਦੇਸ਼ ਹੋਣ ਕਰਕੇ ਦੋਵਾਂ ਪਰਿਵਾਰਾਂ ਨੇ ਕੁਝ ਸਮਾਂ ਪਹਿਲਾਂ ਵੀਡੀਓ ਕਾਲ ਰਾਹੀਂ ਹੀ ਦੋਵਾਂ ਦੀ ਮੰਗਣੀ ਕਰ ਦਿੱਤੀ। ਵਿਆਹ ਦੀ ਤਰੀਖ਼ ਤੈਅ ਹੋਣ ਤੋਂ ਬਾਅਦ ਦੋਵਾਂ ਪਰਿਵਾਰਾਂ ਵੱਲੋਂ ਚਾਵਾਂ ਨਾਲ ਤਿਆਰੀਆਂ ਕੀਤੀਆਂ ਗਈਆਂ। ਵਿਆਹ ਤੋਂ ਇਕ ਦਿਨ ਪਹਿਲਾਂ ਕੁੜੀ ਦੇ ਘਰ ਜਾਗੋ ਸਮਾਗਮ ਦੌਰਾਨ ਪੂਜਾ ਨੇ ਆਪਣੇ ਰਿਸ਼ਤੇਦਾਰਾਂ ਨਾਲ ਖੂਬ ਭੰਗੜਾ ਪਾਇਆ ਪਰ ਖੁਸ਼ੀਆਂ ਦੇ ਇਨ੍ਹਾਂ ਪਲਾਂ ਨੇ ਕੁਝ ਹੀ ਸਮੇਂ ਵਿਚ ਸੋਗ ਦਾ ਰੂਪ ਧਾਰ ਲਿਆ। ਰਾਤ ਦੇ ਲਗਭਗ 2 ਵਜੇ ਪੂਜਾ ਦੇ ਨੱਕ ਵਿਚੋਂ ਅਚਾਨਕ ਖੂਨ ਵਗਣਾ ਸ਼ੁਰੂ ਹੋ ਗਿਆ। ਉਸਨੂੰ ਤੁਰੰਤ ਡਾਕਟਰ ਕੋਲ ਲਿਜਾਇਆ ਗਿਆ ਪਰ ਡਾਕਟਰਾਂ ਨੇ ਉਸਨੂੰ ਮ੍ਰਿਤਕ ਐਲਾਨ ਕਰ ਦਿੱਤਾ। ਪਰਿਵਾਰ ‘ਤੇ ਦੁੱਖਾਂ ਦਾ ਪਹਾੜ ਟੁੱਟ ਪਿਆ ਅਤੇ ਸਾਰੇ ਪਿੰਡ ’ਚ ਮਾਤਮ ਦਾ ਮਾਹੌਲ ਬਣ ਗਿਆ। ਡੋਲੀ ਵਿਚ ਬੈਠਣ ਲਈ ਤਿਆਰ ਕੁੜੀ ਦੀ ਅਰਥੀ ਵੀ ਉਸੇ ਡੋਲੀ ਵਾਲੇ ਸੂਟ ਵਿਚ ਉੱਠੀ। ਇਹ ਗਮਗੀਨ ਪਲ ਵੇਖ ਕੇ ਹਰ ਕਿਸੇ ਦੀਆਂ ਅੱਖਾਂ ਭਰ ਆਈਆਂ। ਮ੍ਰਿਤਕ ਲੜਕੀ ਦੇ ਪਿਤਾ ਅਤੇ ਲਾੜੇ ਦੇ ਭਰਾ ਨੇ ਦੱਸਿਆ ਕਿ ਰਿਸ਼ਤਾ ਬੱਝਣ ਤੋਂ ਬਾਅਦ ਦੋਵਾਂ ਪਰਿਵਾਰਾਂ ਵਿਚ ਬਹੁਤ ਖੁਸ਼ੀ ਸੀ ਅਤੇ ਵਿਆਹ ਦੀਆਂ ਤਿਆਰੀਆਂ ਪੂਰੀਆਂ ਹੋ ਚੁੱਕੀਆਂ ਸਨ ਪਰ ਬਰਾਤ ਆਉਣ ਤੋਂ ਇਕ ਰਾਤ ਪਹਿਲਾਂ ਹੀ ਪੂਜਾ ਨੂੰ ਦਿਲ ਦਾ ਦੌਰਾ ਪਿਆ, ਜਿਸ ਨਾਲ ਉਸਦੀ ਮੌਤ ਹੋ ਗਈ। ਇਸ ਦੁਖਦਾਈ ਘਟਨਾ ਨਾਲ ਪਿੰਡ ਬਰਗਾੜੀ ਅਤੇ ਆਲੇ ਦੁਆਲੇ ਦੇ ਇਲਾਕਿਆਂ ਵਿਚ ਸੋਗ ਛਾ ਗਿਆ ਹੈ।

## ਬਜ਼ੁਰਗ ਔਰਤ ਉੱਤੋਂ ਲੰਘਿਆ ਰੋਡਵੇਜ਼ ਦੀ ਬੱਸ ਦਾ ਟਾਇਰ, ਮੌਕੇ ’ਤੇ ਮੌਤ

**ਚੰਡੀਗੜ੍ਹ, 25 ਅਕਤੂਬਰ (ਮਾਲਵਾ ਬਾਣੀ)** ਸ਼ਹਿਰ ਦੇ ਪੋਲਟਰੀ ਫਾਰਮ ਚੌਕ ਨੇੜੇ ਸ਼ਨੀਵਾਰ ਦੁਪਹਿਰ ਇਕ ਦਿਲ ਦਹਿਲਾਉਣ ਵਾਲਾ ਸੜਕ ਹਾਦਸਾ ਵਾਪਰਿਆ। ਹਿਮਾਚਲ ਪਥ ਪਰਿਵਹਨ ਨਿਗਮ ਦੀ ਬੱਸ ਦੇ ਪਿਛਲੇ ਟਾਇਰ ਹੇਠਾਂ ਆਉਣ ਕਾਰਨ 72 ਸਾਲਾ ਬਜ਼ੁਰਗ ਔਰਤ ਦੀ ਮੌਕੇ ’ਤੇ ਮੌਤ ਹੋ ਗਈ। ਮ੍ਰਿਤਕ ਔਰਤ ਦੀ ਪਛਾਣ ਸੰਤੋਸ਼ ਕੁਮਾਰੀ ਦੇ ਤੌਰ ’ਤੇ ਹੋਈ ਹੇ ਜੋ ਕਿ ਜ਼ੀਰਕਪੁਰ ਦੇ ਜਰਨੈਲ ਐਨਕਲੇਵ ਫੇਜ਼-1 ਦੀ ਰਹਿਣ ਵਾਲੀ ਸਨ। ਸੰਤੋਸ਼ ਕੁਮਾਰੀ ਆਪਣੇ ਪਤੀ ਜਵਾਹਰ ਲਾਲ ਨਾਲ ਬਾਈਕ ’ਤੇ ਘਰ ਵਾਪਸ ਆ ਰਹੀਆਂ ਸਨ। ਟ੍ਰਿਬਿਊਨ ਚੌਕ ਤੋਂ ਅੱਗੇ ਪੋਲਟਰੀ ਫਾਰਮ ਚੌਕ ਨੇੜੇ ਨਾਲਾਗੜ੍ਹ ਤੋਂ ਦਿੱਲੀ ਜਾ ਰਹੀ ਹਿਮਾਚਲ ਨੰਬਰ ਦੀ ਬੱਸ ਨਾਲ ਉਨ੍ਹਾਂ ਦੀ ਬਾਈਕ ਸਾਈਡ ਤੋਂ ਟਕਰਾ ਗਈ। ਟਕਰਾਉਂਦੇ ਹੀ ਜਵਾਹਰ ਲਾਲ ਖੱਬੇ ਪਾਸੇ ਡਿੱਗ ਗਏ ਤੇ ਸੰਤੋਸ਼ ਕੁਮਾਰੀ ਸੱਜੇ ਪਾਸੇ। ਬੱਸ ਦਾ ਪਿਛਲਾ ਟਾਇਰ ਸੰਤੋਸ਼ ਕੁਮਾਰੀ ਦੇ ਉੱਪਰੋਂ ਲੰਘ ਗਿਆ, ਜਿਸ ਨਾਲ ਉਸ ਦੀ ਮੌਕੇ ’ਤੇ ਹੀ ਦਰਦਨਾਕ ਮੌਤ ਹੋ ਗਈ। ਜਵਾਹਰ ਲਾਲ ਨੂੰ ਹਲਕੀਆਂ ਸੱਟਾਂ ਲੱਗੀਆਂ। ਘਟਨਾ ਦੀ ਜਾਣਕਾਰੀ ਮਿਲਦੇ ਹੀ ਸੈਕਟਰ-31 ਦੀ ਪੁਲਿਸ ਨੇ ਪੀਸੀਆਰ ਵਾਹਨ ਨਾਲ ਮੌਕੇ ’ਤੇ ਪਹੁੰਚ ਕੇ ਕਾਰਵਾਈ ਕੀਤੀ। ਫੋਰੈਂਸਿਕ ਟੀਮ ਵੀ ਮੌਕੇ ’ਤੇ ਪਹੁੰਚ ਕੇ ਜਾਂਚ ਕਰ ਰਹੀ ਹੈ। ਪੁਲਿਸ ਨੇ ਬੱਸ ਦੇ ਚਾਲਕ ਲੇਖ ਰਾਜ ਨੂੰ ਮੌਕੇ ’ਤੇ ਗ੍ਰਿਫ਼ਤਾਰ ਕਰ ਲਿਆ। ਬੱਸ ਵਿਚ ਉਸ ਸਮੇਂ ਲਗਪਗ 38 ਯਾਤਰੀ ਸਵਾਰ ਸਨ, ਪਰ ਸਾਰੇ ਸੁਰੱਖਿਅਤ ਹਨ। ਪੁਲਿਸ ਨੇ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਪਿੰਡ ਅਬੁਲਖੁਰਾਣਾ ਨੇੜੇ ਫਲਾਈਓਵਰ ਤੇ ਪਲਟੀ ਕ੍ਰੇਟਾ ਕਾਰ, ਤਿੰਨ ਜ਼ਖ਼ਮੀ



**ਮਲੋਟ, 25 ਅਕਤੂਬਰ (ਹਰਦੀਪ ਸਿੰਘ ਖਾਲਸਾ)**: ਸ਼ੁੱਕਰਵਾਰ ਰਾਤ 9:15 ਵਜੇ ਦੇ ਕਰੀਬ ਰਾਸ਼ਟਰੀ ਰਾਜਮਾਰਗ ’ਤੇ ਅਬੁਲਖੁਰਾਣਾ ਪਿੰਡ ਨੇੜੇ ਫਲਾਈਓਵਰ ’ਤੇ ਇੱਕ ਕ੍ਰੇਟਾ ਕਾਰ ਪਲਟ ਜਾਣ ਕਾਰਨ ਤਿੰਨ ਲੋਕ ਜ਼ਖਮੀ ਹੋ ਗਏ। ਸੜਕ ਸੁਰੱਖਿਆ ਫੋਰਸ ਦੀ ਟੀਮ ਮੌਕੇ ’ਤੇ ਪਹੁੰਚੀ ਅਤੇ ਤਿੰਨਾਂ ਜ਼ਖਮੀਆਂ ਨੂੰ ਇਲਾਜ ਲਈ ਮਲੋਟ ਸਿਵਲ ਹਸਪਤਾਲ ਪਹੁੰਚਾਇਆ।

ਜਾਣਕਾਰੀ ਅਨੁਸਾਰ ਦਸਮੇਸ਼ ਨਗਰ, ਮਲੋਟ ਨਿਵਾਸੀ ਪੁਲਕਿਤ ਪੁੱਤਰ ਗੁਲਸ਼ਨ ਰਾਏ, ਜਸ਼ਨਦੀਪ ਪੁੱਤਰ ਸਤਪਾਲ ਸਿੰਘ ਅਤੇ ਅਮਨ ਕੁਮਾਰ ਪੁੱਤਰ ਅਸ਼ੋਕ ਕੁਮਾਰ ਹੁੰਡਈ ਕਰੇਟਾ ਕਾਰ ਨੰਬਰ ਡੀਐਲ 7 ਸੀਟੀ 7153 ਵਿੱਚ ਸਫ਼ਰ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਦੀ ਕਾਰ ਅਨ ਕੰਟਰੋਲ ਹੋ ਗਈ ਅਤੇ ਨੈਸ਼ਨਲ ਹਾਈਵੇਅ ’ਤੇ ਅਬੁਲਖੁਰਾਣਾ ਪਿੰਡ ਵਿੱਚੋਂ ਲੰਘਦੇ ਫਲਾਈਓਵਰ ’ਤੇ ਪਲਟ ਗਈ। ਡਰਾਈਵਰ ਦੇ ਅਨੁਸਾਰ ਇੱਕ ਆ ਰਹੇ ਟਰੱਕ ਦੀਆਂ ਤੇਜ ਹੈੱਡਲਾਈਟਾਂ ਅਚਾਨਕ ਉਸਦੀਆਂ ਅੱਖਾਂ ਵਿੱਚ ਪੈ ਗਈਆਂ, ਜਿਸ ਕਾਰਨ ਗੱਡੀ ਸੰਤੁਲਨ ਗੁਆ ਬੈਠੀ ਅਤੇ ਪਲਟ ਗਈ। ਸਵਾਰਾਂ ਨੂੰ ਗੰਭੀਰ ਸੱਟਾਂ ਲੱਗੀਆਂ। ਘਟਨਾ ਦੀ ਸੂਚਨਾ ਮਿਲਦੇ ਹੀ ਸੜਕ ਸੁਰੱਖਿਆ ਫੋਰਸ ਦੀ ਟੀਮ ਮੌਕੇ ’ਤੇ ਪਹੁੰਚੀ ਅਤੇ ਤਿੰਨੋਂ ਜ਼ਖਮੀਆਂ ਨੂੰ ਤੁਰੰਤ ਸਿਵਲ ਹਸਪਤਾਲ ਮਲੋਟ ਦਾਖਿਲ ਕਰਵਾਇਆ। ਟੋਇੰਗ ਵੈਨ ਦੀ ਵਰਤੋਂ ਕਰਕੇ ਗੱਡੀ ਨੂੰ ਸਿੱਧਾ ਕਰਕੇ ਪਰਿਵਾਰਕ ਮੈਂਬਰਾਂ ਦੇ ਹਵਾਲੇ ਕੀਤਾ ਗਿਆ।

## ਤੇਲੰਗਾਨਾ ’ਚ ਪਲਟੀ ਬੱਸ, 20 ਲੋਕ ਜ਼ਖ਼ਮੀ



**ਨਵੀਂ ਦਿੱਲੀ, 25 ਅਕਤੂਬਰ (ਮਾਲਵਾ ਬਾਣੀ)** : ਸ਼ਨੀਵਾਰ ਨੂੰ ਹੈਦਰਾਬਾਦ ਤੋਂ ਆਂਧਰਾ ਪ੍ਰਦੇਸ਼ ਦੇ ਗੁੰਟੂਰ ਜਾ ਰਹੀ ਇੱਕ ਨਿੱਜੀ ਬੱਸ ਪਲਟ ਗਈ। ਇਸ ਵਿੱਚ ਸਵਾਰ ਸਾਰੇ 20 ਲੋਕ ਜ਼ਖਮੀ ਹੋ ਗਏ ਅਤੇ ਉਨ੍ਹਾਂ ਨੂੰ ਇਲਾਜ ਲਈ ਨੇੜਲੇ ਹਸਪਤਾਲ ਲਿਜਾਇਆ ਗਿਆ। ਇੱਕ ਵੀਡੀਓ ਵਿੱਚ ਦਿਖਾਇਆ ਗਿਆ ਹੈ ਕਿ ਤੇਲੰਗਾਨਾ ਦੇ ਰੰਗਾ ਰੈਡੀ ਜ਼ਿਲ੍ਹੇ ਵਿੱਚ ਪੇਡਾ ਅੰਬਰਪੇਟ ਨਗਰਪਾਲਿਕਾ ਦੇ ਨੇੜੇ ਆਊਟਰ ਰਿੰਗ ਰੋਡ (ORR) ’ਤੇ ਬੱਸ ਸੱਜੇ ਪਾਸੇ ਪਲਟ ਗਈ ਹੈ, ਬਚਾਅ ਕਰਮਚਾਰੀ ਇਸਨੂੰ ਘੇਰ ਰਹੇ ਹਨ। ਬੱਸ ਦੀ ਟੱਕਰ ਵਾਲੀ ਰੇਲਿੰਗ ਢਹਿ ਗਈ ਹੈ, ਜਿਸ ਤੋਂ ਹਾਦਸੇ ਦੀ ਹੱਦ ਦਾ ਪਤਾ ਲੱਗਦਾ ਹੈ।

ਪੁਲਿਸ, ਓਆਰਆਰ ਰੱਖ-ਰਖਾਅ ਸਟਾਫ਼ ਅਤੇ ਸਥਾਨਕ ਲੋਕਾਂ ਨੇ ਤੁਰੰਤ ਮੌਕੇ ’ਤੇ ਬਚਾਅ ਕਾਰਜ ਸ਼ੁਰੂ ਕਰ ਦਿੱਤਾ। ਇਸ ਤੋਂ ਪਹਿਲਾਂ ਸ਼ੁੱਕਰਵਾਰ ਨੂੰ, ਹੈਦਰਾਬਾਦ ਤੋਂ ਬੰਗਲੁਰੂ ਜਾ ਰਹੀ ਇੱਕ ਬੱਸ ਵਿੱਚ 43 ਲੋਕ ਸਵਾਰ ਸਨ, ਜਿਸ ਵਿੱਚ ਅੱਗ ਲੱਗ ਗਈ।

## ਫਰੀਦਕੋਟ ਪੁਲਿਸ ਵੱਲੋਂ ਵੱਡੀ ਵਾਰਦਾਤ ਨਾਕਾਮ- ਨੌਜਵਾਨ ਨਜਾਇਜ ਅਸਲੇ ਸਮੇਤ ਕਾਬੂ, 1 ਦੇਸੀ ਰਿਵਾਲਵਰ ਅਤੇ 3 ਜਿੰਦਾ ਰੌਂਦ ਬਰਾਮਦ

### ਸੁਰੱਖਿਅਤ ਜਿਲ੍ਹਾ ਬਣਾਉਣ ਲਈ ਪੁਲਿਸ ਪ੍ਰਸ਼ਾਸ਼ਨ ਵਚਨਬੱਧ : ਡੀ.ਐਸ.ਪੀ.

**ਫ਼ਰੀਦਕੋਟ, 25 ਅਕਤੂਬਰ (ਟਿੰਕੂ ਕੁਮਾਰ)** :- ਡਾ. ਪ੍ਰਗਿਆ ਜੈਨ ਐਸ.ਐਸ.ਪੀ ਦੀ ਰਹਿਨੁਮਾਈ ਹੇਠ ਫਰੀਦਕੋਟ ਪੁਲਿਸ ਵੱਲੋਂ ਅਪਰਾਧਿਕ ਅਨਸਰਾ ਖਿਲਾਫ ਇੱਕ ਸਖ਼ਤ ਅਤੇ ਨਿਰਣਾਇਕ ਮੁਹਿੰਮ ਚਲਾਈ ਜਾ ਰਹੀ ਹੈ। ਇਸੇ ਤਹਿਤ ਇੱਕ ਵੱਡੀ ਕਾਮਯਾਬੀ ਹਾਸਿਲ ਕਰਦਿਆਂ ਜੋਗੇਸ਼ਵਰ ਸਿੰਘ ਐਸ.ਪੀ. (ਇੰਨਵੈਸਟੀਗੇਸ਼ਨ) ਰਹਿਨੁਮਾਈ ਹੇਠ ਫਰੀਦਕੋਟ ਪੁਲਿਸ ਵੱਲੋਂ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਦੀ ਫਿਰਾਕ ਵਿੱਚ ਘੁੰਮ ਰਹੇ ਦੋਸ਼ੀ ਨੂੰ ਨਜਾਇਜ ਅਸਲੇ ਸਮੇਤ ਗ੍ਰਿਫਤਾਰ ਕੀਤਾ ਗਿਆ ਹੈ। ਇਹ ਜਾਣਕਾਰੀ ਤਰਲੋਚਨ ਸਿੰਘ ਡੀ.ਐਸ.ਪੀ. (ਸਬ-ਡਵੀਜਨ) ਫਰੀਦਕੋਟ ਵੱਲੋਂ ਸ਼ਨੀਵਾਰ ਨੂੰ ਪ੍ਰੈਸ ਕਾਨਫਰੰਸ ਦੌਰਾਨ ਸਾਂਝੀ ਕੀਤੀ ਗਈ। ਗ੍ਰਿਫਤਾਰ ਹੋਏ ਦੋਸ਼ੀ ਦੀ ਪਹਿਚਾਣ ਗੁਰਵਿੰਦਰ ਸਿੰਘ ਉਰਫ ਗੋਰਾ ਵਾਸੀ ਪਿੰਡ ਵਾੜਾਦੜਾਕਾ ਜਿਲਾ ਫਰੀਦਕੋਟ ਵਜੋਂ ਹੋਈ ਹੈ। ਪੁਲਿਸ ਪਾਰਟੀ ਵੱਲੋਂ ਦੋਸ਼ੀ ਪਾਸੋ 01 ਦੇਸੀ ਰਿਵਾਲਵਰ .32 ਬੋਰ ਅਤੇ 03 ਜਿੰਦਾ ਰੌਂਦ ਵੀ ਬਰਾਮਦ ਕੀਤੇ ਗਏ ਹਨ। ਕਾਰਵਾਈ ਦੇ ਵੇਰਵੇ ਸਾਂਝੇ ਕਰਦਿਆ ਉਹਨਾ ਦੱਸਿਆ ਕਿ 24 ਅਕਤੂਬਰ ਨੂੰ ਸ:ਥ ਜਗਸੀਰ ਸਿੰਘ ਪੁਲਿਸ ਪਾਰਟੀ ਸਮੇਤ ਗਸ਼ਤ ਅਤੇ ਚੈਕਿੰਗ ਦੇ ਸਬੰਧ ਵਿੱਚ ਸਾਦਿਕ ਚੌਂਕ ਨਜਦੀਕ ਮੌਜੂਦ ਸੀ ਤਾਂ ਉਹਨਾ ਨੂੰ ਇੱਕ ਭਰੋਸੇਯੋਗ ਸੂਚਨਾ ਮਿਲੀ ਸੀ ਕਿ ਦੋਸ਼ੀ ਗੁਰਵਿੰਦਰ ਸਿੰਘ ਉਰਫ ਗੋਰਾ ਨਜਾਇਜ ਅਸਲੇ ਸਮੇਤ ਕਿਸੇ ਵਾਰਦਾਤ ਨੂੰ ਅੰਜਾਮ ਦੇਣ ਦੀ ਤਾਕ ਵਿੱਚ ਏਰੀਆਂ ਵਿੱਚ ਘੁੰਮ ਰਿਹਾ ਹੈ। ਜਿਸ ’ਤੇ ਪੁਲਿਸ ਪਾਰਟੀ ਵੱਲੋ ਤੁਰੰਤ ਕਾਰਵਾਈ ਕਰਦੇ ਹੋਏ ਦੋਸ਼ੀ ਗੁਰਵਿੰਦਰ ਸਿੰਘ ਉਰਫ ਗੋਰਾ ਨੂੰ ਜਹਾਜ ਗਰਾਊਡ ਨਜਦੀਕ ਕਾਬੂ ਕੀਤਾ ਗਿਆ। ਜਿਸ ਦੌਰਾਨ ਪੁਲਿਸ ਪਾਰਟੀ ਵੱਲੋਂ ਦੋਸ਼ੀ ਪਾਸੋ 01 ਦੇਸੀ ਰਿਵਾਲਵਰ .32 ਬੋਰ ਅਤੇ 3 ਜਿੰਦਾ ਰੌਂਦ ਵੀ ਬਰਾਮਦ ਕੀਤੇ ਗਏ ਹਨ।





ਇਸ ਸਬੰਧੀ ਥਾਣਾ ਸਿਟੀ ਫਰੀਦਕੋਟ ਵਿਖੇ ਮੁਕੱਦਮਾ ਨੰਬਰ 439 ਮਿਤੀ 24.10.2025 ਅਧੀਨ ਧਾਰਾ 25/54/59 ਅਸਲਾ ਐਕਟ ਦਰਜ ਰਜਿਸਟਰ ਕੀਤਾ ਗਿਆ ਹੈ। ਮੁੱਢਲੀ ਤਫਤੀਸ਼ ਦੌਰਾਨ ਇਹ ਸਾਹਮਣੇ ਆਇਆ ਕਿ ਇਹ ਦੋਸ਼ੀ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਦੀ ਫਿਰਾਕ ਵਿੱਚ ਸੀ। ਜਿਸ ਨੂੰ ਕਾਬੂ ਕਰਨ ਨਾਲ ਫਰੀਦਕੋਟ ਪੁਲਿਸ ਵੱਲੋਂ ਕਿਸੇ ਵੱਡੀ ਵਾਰਦਾਤ ਨੂੰ ਰੋਕਣ ਵਿੱਚ ਸਫਲਤਾ ਹਾਸਿਲ ਹੋਈ ਹੈ। ਤਰਲੋਚਨ ਸਿੰਘ ਡੀ.ਐਸ.ਪੀ. (ਸਬ-ਡਵੀਜਨ) ਫਰੀਦਕੋਟ ਨੇ ਦੱਸਿਆ ਕਿ ਫਰੀਦਕੋਟ ਪੁਲਿਸ ਵੱਲੋਂ ਗ੍ਰਿਫਤਾਰ ਦੋਸ਼ੀ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਿਲ ਕੀਤਾ ਜਾ ਰਿਹਾ ਹੈ ਤਾਂ ਜੋ ਦੋਸ਼ੀ ਦੇ ਬੈਕਵਰਡ ਅਤੇ ਫਾਰਵਰਡ ਲਿੰਕਾਂ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਸਕੇ। ਫਰੀਦਕੋਟ ਪੁਲਿਸ ਵੱਲੋਂ ਅਪਰਾਧਿਕ ਅਨਸਰਾਂ ਖ਼ਿਲਾਫ਼ ਸਖ਼ਤ ਮੁਹਿੰਮ ਸ਼ੁਰੂ ਕੀਤੀ ਹੈ ਅਤੇ ਅਪਰਾਧਕ ਗਿਰੋਹਾਂ ’ਤੇ ਪੂਰੀ ਤਰ੍ਹਾਂ ਨਕੇਲ ਪਾਈ ਜਾ ਰਹੀ ਹੈ।

## ਤਪਾ ਪੁਲਿਸ ਨੇ ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਤਹਿਤ ਨਸ਼ਾ ਤਸ਼ਕਰ ਨੂੰ 200 ਨਸ਼ੀਲੀਆਂ ਗੋਲੀਆਂ ਸਣੇ ਕੀਤਾ ਕਾਬੂ

**ਤਪਾ ਮੰਡੀ,25 ਅਕਤੂਬਰ (ਬੰਟੀ ਦੀਕਸ਼ਿਤ)**- ਤਪਾ ਪੁਲਸ ਨੇ ਇੱਕ ਨਸ਼ਾ ਤਸ਼ਕਰ ਨੂੰ 200 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕਰਨ ‘ਚ ਸਫਲਤਾ ਮਿਲੀ ਹੈ। ਇਸ ਸੰਬੰਧੀ ਥਾਣਾ ਮੁੱਖੀ ਸਰੀਫ ਖਾਂ ਨੇ ਦੱਸਿਆ ਕਿ ਐਸ.ਐਸ.ਪੀ ਬਰਨਾਲਾ ਮੁਹੰਮਦ ਸਰਫਰਾਜ ਆਲਮ ਦੇ ਨਿਰਦੇਸ਼ਾਂ ‘ਤੇ ਡੀ.ਐਸ.ਪੀ ਤਪਾ ਗੁਰਬਿੰਦਰ ਸਿੰਘ ਦੀ ਨਿਗਰਾਨੀ ਹੇਠ ’ਯੁੱਧ ਨਸ਼ਿਆਂ ਵਿਰੁੱਧ’ ਚਲਾਈ ਮੁਹਿੰਮ ਦੌਰਾਨ ਚੌਂਕੀ ਇੰਚਾਰਜ ਕਰਮਜੀਤ ਸਿੰਘ ਦੀ ਅਗਵਾਈ ‘ਚ ਪੁਲਿਸ ਪਾਰਟੀ ਤਾਜੋਕੇ ਰੋਡ ਗਸ਼ਤ ਕਰ ਰਹੀ ਸੀ ਤਾਂ ਬੰਦ ਪਏ ਇੱਟਾਂ ਦੇ ਭੱਠੇ ਅੰਦਰ ਇੱਕ ਨੋਜਵਾਨ ਪਲਾਸਟਿਕ ਲਿਫਾਫੇ ਦੀ ਫਰੋਲਾ ਫਰਾਲੀ ਕਰ ਰਿਹਾ ਸੀ ਪੁਲਿਸ ਨੇ ਸ਼ੱਕ ਦੇ ਆਧਾਰ ਤੇ ਜਦ ਉਸ ਦੀ ਜਾਂਚ ਕੀਤੀ ਤਾਂ ਉਸ ਪਾਸੋਂ 200 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆ ਅਤੇ ਆਪਣੀ ਪਹਿਚਾਣ ਜਗਸੀਰ ਸਿੰਘ ਉਰਫ ਜੱਗਾ ਪੁੱਤਰ ਚਿੜੀ ਵਾਸੀ ਤਪਾ ਦੱਸਿਆ। ਪੁਲਿਸ ਨੇ ਉਕਤ ਖਿਲਾਫ ਮਾਮਲਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ ।ਅੱਜ ਪੁਲਿਸ ਨੇ ਮਾਨਯੋਗ ਅਦਾਲਤ ‘ਤੇ ਪੇਸ਼ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।



## ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸਿੱਖ ਜਥੇਬੰਦੀਆਂ ਨੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦਾ ਦਸਤਾਰਾਂ ਦੇ ਕੇ ਕੀਤਾ ਸਨਮਾਨ





**ਸ੍ਰੀ ਅਨੰਦਪੁਰ ਸਾਹਿਬ, 25 ਅਕਤੂਬਰ (ਸੈਣੀ ਨਿੱਕੂਵਾਲ / ਰਾਣਾ ਹਰੀਵਾਲ)** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਕਰਵਾਏ ਗਏ ਵਿਸ਼ੇਸ਼ ਸਮਾਗਮ ਦੌਰਾਨ ਤਖ਼ਤ ਸਾਹਿਬਾਨ ਦੇ ਜਥੇਦਾਰ, ਨਿਹੰਗ ਸਿੰਘ ਦਲਾਂ, ਸਿੱਖ ਜਥੇਬੰਦੀਆਂ, ਸੰਪਰਦਾਵਾਂ ਅਤੇ ਸਭਾ ਸੁਸਾਇਟੀਆਂ ਵੱਲੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦਾ ਦਸਤਾਰਾਂ ਦੇ ਕੇ ਸਨਮਾਨ ਕੀਤਾ ਗਿਆ। ਇਸ ਸਮਾਗਮ ਸਮੇਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁੱਖੀ ਜਥੇਦਾਰ ਬਲਬੀਰ ਸਿੰਘ 96ਵੇਂ ਕਰੋੜੀ, ਦਲ ਬਾਬਾ ਬਿਧੀ ਚੰਦ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ, ਤਰਨਾ ਦਲ ਬਾਬਾ ਬਕਾਲਾ ਦੇ ਮੁੱਖੀ ਬਾਬਾ ਜੋਗਾ ਸਿੰਘ, ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਬਲਦੇਵ ਸਿੰਘ, ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਮੀਤ ਜਥੇਦਾਰ ਗਿਆਨੀ ਜੋਤਇੰਦਰ ਸਿੰਘ, ਬਾਬਾ ਨਿਹਾਲ ਸਿੰਘ ਤਰਨਾ ਦਲ ਹਰੀਆਂ ਵੇਲਾਂ ਵਾਲਿਆਂ ਵੱਲੋਂ ਬਾਬਾ ਨਾਗਰ ਸਿੰਘ, ਸ਼੍ਰੋਮਣੀ ਅਕਾਲੀ ਦਲ ਵੱਲੋਂ ਡਾ. ਦਲਜੀਤ ਸਿੰਘ ਚੀਮਾ, ਬਾਬਾ ਜਗਜੀਤ ਸਿੰਘ ਹਰਖੋਵਾਲ ਸਮੇਤ ਵੱਖ ਵੱਖ ਸੰਸਥਾਵਾਂ ਦੇ ਮੁੱਖੀਆਂ ਵਲੋਂ ਸਿੰਘ ਸਾਹਿਬ ਨੂੰ ਸਨਮਾਨ ਦਿੱਤਾ ਗਿਆ।

ਇਸ ਮੌਕੇ ਸੰਗਤਾਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸਿੱਖ ਪੰਥ ਦੀ ਇਹ ਵਿਲੱਖਣਤਾ ਹੈ ਕਿ ਇਸ ਦੀਆਂ ਜਥੇਬੰਦੀਆਂ ਨੇ ਹਮੇਸ਼ਾ ਪੰਥਕ ਰਵਾਇਤਾਂ ਤੇ ਪਹਿਰਾ ਦਿੱਤਾ ਹੈ। ਉਨ੍ਹਾਂ ਆਖਿਆ ਕਿ ਖਾਲਸਾ ਪੰਥ ਵੱਡਾ ਹੈ ਅਤੇ ਵੱਡਾ ਰਹੇਗਾ, ਜਦਕਿ ਮੈਂ ਪੰਥ ਸਾਹਮਣੇ ਇਕ ਵਾਰ ਨਹੀਂ ਹਜ਼ਾਰ ਵਾਰ ਝੁੱਕਦਾ ਹਾਂ। ਖਾਲਸਾ ਪੰਥ ਗੁਰੂ ਦਾ ਰੂਪ ਹੈ ਅਤੇ ਮੈਂ ਹਮੇਸ਼ਾ ਪੰਥ ਦੀਆਂ ਰਵਾਇਤਾਂ, ਪ੍ਰੰਪਰਾਵਾਂ ਤੇ ਸਿਧਾਂਤਾਂ ਅਨੁਸਾਰ ਪੰਥ ਦੀ ਸੇਵਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਗਿਆਨੀ ਕੁਲਦੀਪ ਸਿੰਘ ਨੇ ਕਿਹਾ ਕਿ 350 ਸਾਲਾ ਸ਼ਹੀਦੀ ਸ਼ਤਾਬਦੀ ਮੌਕੇ ਪੰਥ ਦਾ ਇਕੱਠੇ ਹੋਣਾ ਪੰਥਕ ਏਕਤਾ ਦਾ ਪ੍ਰਗਟਾਵਾ ਹੈ। ਉਨ੍ਹਾਂ ਸਿੱਖ ਜਥੇਬੰਦੀਆਂ ਅਤੇ ਸੰਪ੍ਰਦਾਵਾਂ ਦੇ ਇਤਿਹਾਸ ਨੂੰ ਮਹਾਨ ਕਰਾਰ ਦਿੰਦਿਆਂ ਕਿਹਾ ਕਿ ਇਨ੍ਹਾਂ ਜਥੇਬੰਦੀਆਂ, ਸੰਪ੍ਰਦਾਵਾਂ ਤੇ ਟਕਸਾਲਾਂ ਸਦਕਾ ਹੀ ਕੌਮ ਦੀਆਂ ਰਵਾਇਤਾਂ ਜਿੰਦਾ ਹਨ। ਉਨ੍ਹਾਂ ਐਲਾਨ ਕੀਤਾ ਕਿ ਸਾਰੀਆਂ ਜਥੇਬੰਦੀਆਂ ਅਤੇ ਸੰਪ੍ਰਦਾਵਾਂ ਦੇ ਸਹਿਯੋਗ ਨਾਲ ਕੌਮੀ ਚੁਣੌਤੀਆਂ ਅਤੇ ਧਰਮ ਪਰਵਰਤਨ ਜਿਹੇ ਚਲਣ ਦਾ ਇਕਜੁਟਤਾ ਨਾਲ ਮੁਕਾਬਲਾ ਕੀਤਾ ਜਾਵੇਗਾ। ਜਥੇਦਾਰ ਗਿਆਨੀ ਕੁਲਦੀਪ ਸਿੰਘ ਨੇ ਸਮਾਗਮ ਵਿਚ ਆਈਆਂ ਸਾਰੀਆਂ ਜਥੇਬੰਦੀਆਂ ਦੇ ਨੁਮਾਇੰਦਿਆਂ ਦਾ ਧੰਨਵਾਦ ਕਰਦਿਆਂ ਵਚਨਬੱਧਤਾ ਪ੍ਰਗਟਾਈ ਕਿ ਉਹ ਪੰਥ ਦੇ ਸੇਵਾਦਾਰ ਹਨ ਅਤੇ ਹਮੇਸ਼ਾ ਪੰਥ ਨੂੰ ਸਮਰਪਤ ਹੋ ਕੇ ਸੇਵਾ ਕਰਨਗੇ।

ਇਸ ਮੌਕੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ 96ਵੇਂ ਕਰੋੜੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਨੌਂਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਮੌਕੇ ਪੰਥ ਦਾ ਸਿਰਜੋੜ ਬੈਠਣਾ ਸਮੇਂ ਦੀ ਲੋੜ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਪੰਥਕ ਕਾਰਜਾਂ ਅਤੇ ਕੌਮੀ ਇਕਜੁਟਤਾ ਲਈ ਨਿਭਾਈ ਜਾ ਰਹੀ ਜਿੰਮੇਵਾਰੀ ਦੀ ਪ੍ਰਸ਼ੰਸਾ ਕਰਦਿਆਂ ਨਿਹੰਗ ਸਿੰਘ ਦਲਾਂ ਅਤੇ ਜਥੇਬੰਦੀਆਂ ਵੱਲੋਂ ਸਹਿਯੋਗ ਦੀ ਵਚਨਬੱਧਤਾ ਪ੍ਰਗਟਾਈ। ਉਨ੍ਹਾਂ ਕਿਹਾ ਕਿ ਪੰਥਕ ਮਰਯਾਦਾ ਵੱਡੀ ਹੈ, ਜਿਸ ਦੀ ਪਹਿਰੇਦਾਰੀ ਸਭ ਨੂੰ ਕਰਨੀ ਚਾਹੀਦੀ ਹੈ। ਬਾਬਾ ਬਲਬੀਰ ਸਿੰਘ ਨੇ ਕਿਹਾ ਕਿ ਪੰਥਕ ਏਕਤਾ ਹੀ ਸਾਰੀਆਂ ਚੁਣੌਤੀਆਂ ਤੇ ਮੁਸ਼ਕਲਾਂ ਦਾ ਹੱਲ ਹੈ, ਜਿਸ ਪ੍ਰਤੀ ਪੰਥ ਸੁਚੇਤ ਹੈ ਅਤੇ ਇਸੇ ਤਰ੍ਹਾਂ ਇਕੱਠਾ ਰਹੇਗਾ। ਉਨ੍ਹਾਂ ਕਿਹਾ ਕਿ ਪੰਥ ਦੀਆਂ ਜਥੇਬੰਦੀਆਂ ਨੇ ਔਖੇ ਸਮਿਆਂ ਦੌਰਾਨ ਵੀ ਪੰਥ ਦਾ ਸਾਥ ਦਿੱਤਾ ਅਤੇ ਕਦੇ ਵੀ ਪਿੱਛੇ ਨਹੀਂ ਹਟੀਆ। ਮੌਜੂਦਾ ਸਮੇਂ ਵੀ ਇਹ ਜਥੇਬੰਦੀਆਂ ਕੌਮੀ ਇਕਜੁਟਤਾ ਲਈ ਤਤਪਰ ਰਹਿੰਦੀਆਂ ਹਨ। ਉਨ੍ਹਾਂ ਕਿਹਾ ਕਿ ਪੰਥ ਅੰਦਰ ਮਰਯਾਦਾ ਅਹਿਮ ਹੈ ਅਤੇ ਜਥੇਬੰਦੀਆਂ ਹਮੇਸ਼ਾ ਮਰਯਾਦਾ ਦੀ ਪਹਿਰੇਦਾਰੀ ਕਰਦੀਆਂ ਹਨ। ਸਮਾਗਮ ਦੌਰਾਨ ਸਟੇਜ ਦੀ ਸੇਵਾ ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਵੱਲੋਂ ਨਿਭਾਈ ਗਈ। ਇਸ ਤੋਂ ਪਹਿਲਾਂ ਰਾਗੀ ਜਥਿਆਂ ਵੱਲੋਂ ਗੁਰਬਾਣੀ ਕੀਰਤਨ ਕੀਤਾ ਗਿਆ ਅਤੇ ਅਰਦਾਸ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ ਨੇ ਕੀਤੀ। ਸਮਾਗਮ ਦੌਰਾਨ ਬਾਬਾ ਮੋਹਨ ਸਿੰਘ ਬਾਰਨ ਵਾਲੇ, ਦਮਦਮੀ ਟਕਸਾਲ ਸੰਗਰਾਵਾਂ ਦੇ ਮੁਖੀ ਗਿਆਨੀ ਰਾਮ ਸਿੰਘ, ਬਾਬਾ ਘਾਲਾ ਸਿੰਘ ਨਾਨਕਸਰ ਵਾਲੇ, ਬਾਬਾ ਗੁਰਦੇਵ ਸਿੰਘ ਕੁਲੀ ਵਾਲੇ, ਬਾਬਾ ਸੁਖਵਿੰਦਰ ਸਿੰਘ ਭੂਰੀਵਾਲੇ, ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲਿਆਂ ਵੱਲੋਂ ਬਾਬਾ ਗੁਰਪ੍ਰੀਤ ਸਿੰਘ ਜੀ, ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ, ਜਨਰਲ ਸਕੱਤਰ ਸ. ਸ਼ੇਰ ਸਿੰਘ ਮੰਡਵਾਲਾ, ਅੰਤ੍ਰਿੰਗ ਮੈਂਬਰ ਸ. ਦਲਜੀਤ ਸਿੰਘ ਭਿੰਡਰ, ਸ. ਪਰਮਜੀਤ ਸਿੰਘ ਖਾਲਸਾ, ਬੀਬੀ ਹਰਜਿੰਦਰ ਕੌਰ, ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਭਾਈ ਗੁਰਚਰਨ ਸਿੰਘ ਗਰੇਵਾਲ, ਬਾਬਾ ਬੂਟਾ ਸਿੰਘ, ਸ.ਅਜਮੇਰ ਸਿੰਘ ਖੇੜਾ, ਸ. ਗੁਰਬਖਸ਼ ਸਿੰਘ ਖਾਲਸਾ, ਬੀਬੀ ਦਵਿੰਦਰ ਕੌਰ ਕਾਲੜਾ, ਬਾਬਾ ਗੁਰਮੀਤ ਸਿੰਘ ਤ੍ਰਿਲੋਕੇਵਾਲਾ, ਸੀਨੀਅਰ ਅਕਾਲੀ ਆਗੂ ਸ. ਸੁੱਚਾ ਸਿੰਘ ਲੰਗਾਹ, ਸਕੱਤਰ ਸ. ਪ੍ਰਤਾਪ ਸਿੰਘ, ਵਧੀਕ ਸਕੱਤਰ ਸ. ਬਿਜੈ ਸਿੰਘ, ਸ੍ਰੀ ਦਰਬਾਰ ਸਾਹਿਬ ਮੈਨੇਜਰ ਸ. ਭਗਵੰਤ ਸਿੰਘ ਧੰਘੇੜਾ, ਬਾਬਾ ਜੀਤ ਸਿੰਘ ਜੌਹਲਾਂ ਵਾਲੇ, ਸ਼ਹੀਦ ਭਾਈ ਸਤਵੰਤ ਸਿੰਘ ਦੇ ਪਰਿਵਾਰ ਵੱਲੋਂ ਬਾਬਾ ਸੁਖਵਿੰਦਰ ਸਿੰਘ ਅਗਵਾਨਾਂ ਵਾਲੇ, ਸਾਬਕਾ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ ਏ ਮਸਕੀਨ, ਗਿਆਨੀ ਪ੍ਰਤਾਪ ਸਿੰਘ, ਬਾਬਾ ਸਤਨਾਮ ਸਿੰਘ ਕਿਲ੍ਹਾ ਅਨੰਦਗੜ੍ਹ ਸਾਹਿਬ, ਬਾਬਾ ਸੁਖਵਿੰਦਰ ਸਿੰਘ ਮਲਕਪੁਰ, ਬਾਬਾ ਮੇਜਰ ਸਿੰਘ ਸੋਢੀ, ਬਾਬਾ ਬਲਦੇਵ ਸਿੰਘ ਵੱਲਾ, ਬਾਬਾ ਸਤਨਾਮ ਸਿੰਘ ਕਿਲ੍ਹਾ ਅਨੰਦਗੜ੍ਹ, ਭਾਈ ਇੰਦਰਜੀਤ ਸਿੰਘ ਨਿਸ਼ਕਾਮ ਸੇਵਕ ਜਥਾ, ਬਾਬਾ ਜੋਗਾ ਸਿੰਘ ਕਰਨਾਲ, ਬਾਬਾ ਗੁਰਪ੍ਰੀਤ ਸਿੰਘ ਬਾਬਾ ਬਕਾਲਾ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਸ. ਜਤਿੰਦਰਪਾਲ ਸਿੰਘ ਗੋਲਡੀ, ਸ. ਗੁਰਮੀਤ ਸਿੰਘ, ਬਾਬਾ ਖੜਕ ਸਿੰਘ, ਬਾਬਾ ਗੁਰਦੇਵ ਸਿੰਘ, ਬਾਬਾ ਬਲਵਿੰਦਰ ਸਿੰਘ ਮਹਿਤਾ ਚੌਂਕ, ਬਾਬਾ ਹਰਜੀਤ ਸਿੰਘ, ਬਾਬਾ ਪ੍ਰਤਾਪ ਸਿੰਘ ਪਟਿਆਲਾ, ਬਾਬਾ ਦੇਵਇੰਦਰ ਸਿੰਘ ਸੰਪਰਦਾਇ ਹੋਤੀ ਮਰਦਾਨ, ਬਾਬਾ ਤਰਸੇਮ ਸਿੰਘ ਮੋਰਾਂਵਾਲੀ, ਮਹੰਤ ਚਮਕੌਰ ਸਿੰਘ, ਸ੍ਰੀ ਮਹੰਤ ਰੇਸ਼ਮ ਸਿੰਘ, ਬਾਬਾ ਸੁਖਪਾਲ ਸਿੰਘ, ਬਾਬਾ ਬਲਦੇਵ ਸਿੰਘ ਮੁਸਤਫਾਪੁਰ, ਬਾਬਾ ਕਸ਼ਮੀਰ ਸਿੰਘ ਬਟਾਲਾ, ਬਾਬਾ ਸੁਖਵਿੰਦਰ ਸਿੰਘ ਮਲਕਪੁਰ, ਡਾ. ਇੰਦਰਬੀਰ ਸਿੰਘ ਨਿੱਜਰ ਪ੍ਰਧਾਨ ਚੀਫ਼ ਖ਼ਾਲਸਾ ਦੀਵਾਨ, ਸ. ਰਣਜੀਤ ਸਿੰਘ ਟੌਹੜਾ, ਬਾਬਾ ਤੇਜਾ ਸਿੰਘ ਖੁੱਡਾ ਕਰਾਲਾ, ਬਾਬਾ ਤੀਰਥ ਸਿੰਘ, ਬਾਬਾ ਜਰਨੈਲ ਸਿੰਘ, ਮਹੰਤ ਕਰਮਜੀਤ ਸਿੰਘ, ਬਾਬਾ ਜੋਗਾ ਸਿੰਘ, ਮਹੰਤ ਸੁਰਿੰਦਰ ਸਿੰਘ, ਬਾਬਾ ਜੋਗਿੰਦਰ ਸਿੰਘ, ਬਾਬਾ ਅਰਵਿੰਦਰ ਸਿੰਘ ਨਾਨਕਸਰ ਕਲੇਰਾਂ, ਬਾਬਾ ਬਲਬੀਰ ਸਿੰਘ, ਬਾਬਾ ਹਰੀ ਸਿੰਘ ਨਾਨਕਸਰ, ਬਾਬਾ ਕੁਲਵੰਤ ਸਿੰਘ, ਇੰਚਾਰਜ ਸ. ਗੁਰਮੇਜ ਸਿੰਘ, ਮੈਨੇਜਰ ਸ. ਰਜਿੰਦਰ ਸਿੰਘ ਰੂਬੀ, ਸ. ਗੁਰਦੀਪ ਸਿੰਘ ਕੰਗ, ਸ. ਰਣਜੀਤ ਸਿੰਘ, ਸ. ਹਰਦੀਪ ਸਿੰਘ, ਸ. ਜਸਬੀਰ ਸਿੰਘ, ਹਰਵਿੰਦਰ ਸਿੰਘ, ਸ. ਜਸਬੀਰ ਸਿੰਘ, ਸ. ਨਰਿੰਦਰਜੀਤ ਸਿੰਘ, ਸ. ਧਰਮਿੰਦਰ ਸਿੰਘ, ਸ. ਹਰਦੇਵ ਸਿੰਘ, ਸ. ਸੰਦੀਪ ਸਿੰਘ ਕਲੋਤਾ, ਬਾਬਾ ਗੁਰਮੀਤ ਸਿੰਘ ਬੜੂ ਸਾਹਿਬ, ਬਾਬਾ ਕੁਲਵੰਤ ਸਿੰਘ ਮਹਿੰਦੀਆਣਾ, ਬਾਬਾ ਹਰਭਜਨ ਸਿੰਘ, ਬਾਬਾ ਤੀਰਥ ਸਿੰਘ, ਬਾਬਾ ਜਗਦੀਪ ਸਿੰਘ ਜਗਾਧਰੀ, ਬਾਬਾ ਮੁਖਤਿਆਰ ਸਿੰਘ, ਬਾਬਾ ਬੁੱਧ ਸਿੰਘ ਨਿੱਕੇ ਘੁੰਮਣ, ਬਾਬਾ ਅਵਤਾਰ ਸਿੰਘ ਟਿੱਬੀ ਸਾਹਿਬ ਵਾਲੇ, ਬੀਬੀ ਮਨਦੀਪ ਕੌਰ ਸੰਧੂ, ਜਿਲ੍ਹਾ ਪ੍ਰਧਾਨ ਸ. ਦਰਬਾਰਾ ਸਿੰਘ ਬਾਲਾ, ਬਾਬਾ ਮੋਹਨ ਸਿੰਘ ਮੱਦੀਪੁਰ, ਪਰਮਜੀਤ ਸਿੰਘ ਮੱਕੜ, ਗਿਆਨੀ ਨਰਿੰਦਰ ਸਿੰਘ ਮਹਿਤਾ ਚੌਂਕ, ਜਵੱਦੀ ਟਕਸਾਲ ਵੱਲੋਂ ਗਿਆਨੀ ਗੁਰਵਿੰਦਰ ਸਿੰਘ ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

## ਅੰਮ੍ਰਿਤਸਰ ’ਚ ਦੋ ਆਈਈਡੀਜ਼, ਇੱਕ ਪਿਸਤੌਲ ਸਮੇਤ ਅੱਤਵਾਦੀ ਮਾਡਿਊਲ ਦਾ ਮਾਸਟਰ ਮਾਈਂਡ ਕਾਬੂ

**ਚੰਡੀਗੜ੍ਹ/ਅੰਮ੍ਰਿਤਸਰ, 25 ਅਕਤੂਬਰ** - ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਵਿੱਢੀ ਮੁਹਿੰਮ ਦੌਰਾਨ ਵੱਡੀ ਸਫਲਤਾ ਹਾਸਲ ਕਰਦਿਆਂ, ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ (ਐਸਐਸਓਸੀ) ਅੰਮ੍ਰਿਤਸਰ ਨੇ ਅੱਤਵਾਦੀ ਮਾਡਿਊਲ ਦੇ ਮੁੱਖ ਸੰਚਾਲਕ ਨੂੰ ਗ੍ਰਿਫ਼ਤਾਰ ਕਰਕੇ ਉਸ ਦੇ ਕਬਜ਼ੇ ਵਿੱਚੋਂ ਲਗਭਗ 2.5-2.5 ਕਿਲੋਗ੍ਰਾਮ ਭਾਰ ਦੀਆਂ ਦੋ ਇੰਪ੍ਰੋਵਾਈਜ਼ਡ ਐਕਸਪਲੋਸਿਵ ਡਿਵਾਈਸ (ਈਆਈਡੀ), ਜੋ ਕਿ ਹਾਈ ਗ੍ਰੇਡ ਆਰਡੀਐਕਸ ਨਾਲ ਧਾਤ ਦੇ ਕੰਟੇਨਰਾਂ ਵਿੱਚ ਪੈਕ ਕੀਤੀਆਂ ਗਈਆਂ ਸਨ ਅਤੇ ਧਮਾਕੇ ਲਈ ਟਾਈਮਰਾਂ ਨਾਲ ਲੈਸ ਹਨ, ਅਤੇ ਇੱਕ ਆਧੁਨਿਕ .30 ਬੋਰ ਪਿਸਤੌਲ ਸਮੇਤ ਗੋਲੀ ਸਿੱਕਾ ਬਰਾਮਦ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਮਨਪ੍ਰੀਤ ਸਿੰਘ ਉਰਫ਼ ਟਿੱਡੀ ਵਾਸੀ ਪਿੰਡ ਕੋਟਲਾ ਤਰਖਾਣਾ, ਅੰਮ੍ਰਿਤਸਰ ਵਜੋਂ ਹੋਈ ਹੈ। ਗ੍ਰਿਫ਼ਤਾਰ ਕੀਤਾ ਗਿਆ ਵਿਅਕਤੀ ਅਪਰਾਧਿਕ ਪਿਛੋਕੜ ਵਾਲਾ ਮੁਲਜ਼ਮ ਹੈ ਅਤੇ ਉਸ ਵਿਰੁੱਧ ਥਾਣਾ ਸਦਰ ਬਟਾਲਾ ਅਤੇ ਕਲਾਨੌਰ ਵਿੱਚ ਦੋ ਅਪਰਾਧਿਕ ਮਾਮਲੇ ਦਰਜ ਹਨ। ਗੁਰਦਾਸਪੁਰ ਅਤੇ ਅੰਮ੍ਰਿਤਸਰ ਦੀਆਂ ਜੇਲ੍ਹਾਂ ਵਿੱਚ ਲਗਭਗ ਡੇਢ ਸਾਲ ਦੀ ਸਜਾ ਉਪਰੰਤ ਉਸ ਨੂੰ ਫਰਵਰੀ 2025 ਵਿੱਚ ਰਿਹਾਅ ਕੀਤਾ ਗਿਆ ਸੀ ਅਤੇ ਜੇਲ੍ਹ ਤੋਂ ਬਾਹਰ ਆਉਣ ਤੋਂ ਬਾਅਦ ਉਸਨੇ ਆਪਣੀਆਂ ਅਪਰਾਧਿਕ ਗਤੀਵਿਧੀਆਂ ਦੁਬਾਰਾ ਸ਼ੁਰੂ ਕਰ ਦਿੱਤੀਆਂ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਉਕਤ ਦੋਸ਼ੀ ਅਰਮੀਨੀਆ, ਯੂਨਾਈਟਿਡ ਕਿੰਗਡਮ (ਯੂਕੇ) ਅਤੇ ਜਰਮਨੀ ਅਧਾਰਤ ਆਪਣੇ ਹੈਂਡਲਰਾਂ ਜਿਨ੍ਹਾਂ ਨੂੰ ਪਾਬੰਦੀਸ਼ੁਦਾ ਅੱਤਵਾਦੀ ਸੰਗਠਨ ਦੇ ਪਾਕਿਸਤਾਨ ਅਧਾਰਤ ਮਾਸਟਰਮਾਈਂਡ ਤੋਂ ਨਿਰਦੇਸ਼ ਮਿਲ ਰਹੇ ਹਨ, ਦੇ ਇਸ਼ਾਰਿਆਂ ’ਤੇ ਕੰਮ ਕਰ ਰਿਹਾ ਸੀ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਅਗਲੇ-ਪਿਛਲੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਜਾਰੀ ਹੈ ਤਾਂ ਜੋ ਪੂਰੇ ਨੈੱਟਵਰਕ ਦਾ ਪਰਦਾਫਾਸ਼ ਕੀਤਾ ਜਾ ਸਕੇ। ਇਸ ਆਪਰੇਸ਼ਨ ਬਾਰੇ ਜਾਣਕਾਰੀ ਦਿੰਦਿਆਂ ਏਆਈਜੀ ਐਸਐਸਓਸੀ ਅੰਮ੍ਰਿਤਸਰ ਸੁਖਮਿੰਦਰ ਸਿੰਘ ਮਾਨ ਨੇ ਦੱਸਿਆ ਕਿ ਖੁਫੀਆ ਜਾਣਕਾਰੀ ’ਤੇ ਕਾਰਵਾਈ ਕਰਦਿਆਂ, ਐਸਐਸਓਸੀ ਅੰਮ੍ਰਿਤਸਰ ਦੀ ਟੀਮ ਨੇ ਸ਼ੱਕੀ ਮਨਪ੍ਰੀਤ ਸਿੰਘ ਉਰਫ਼ ਟਿੱਡੀ ਨੂੰ ਗ੍ਰਿਫ਼ਤਾਰ ਕਰਕੇ ਕਬਜ਼ੇ ਵਿੱਚੋਂ .30 ਬੋਰ ਦੇ ਇੱਕ ਪਿਸਤੌਲ ਸਮੇਤ ਗੋਲੀ ਸਿੱਕਾ ਬਰਾਮਦ ਕੀਤਾ। ਉਨ੍ਹਾਂ ਦੱਸਿਆ ਕਿ ਦੋਸ਼ੀ ਵੱਲੋਂ ਕੀਤੇ ਖੁਲਾਸੇ ਉਪਰੰਤ, ਪਿੰਡ ਕੋਟਲਾ ਤਰਖਾਣਾ ਦੇ ਖੇਤਰ ਤੋਂ ਦੋ ਆਈਈਡੀਜ਼, ਜੋ ਕਿ ਹਾਈ ਗ੍ਰੇਡ ਆਰਡੀਐਕਸ ਨਾਲ ਧਾਤ ਦੇ ਕੰਟੇਨਰਾਂ ਵਿੱਚ ਪੈਕ ਕੀਤੀਆਂ ਗਈਆਂ ਸਨ ਅਤੇ ਧਮਾਕੇ ਲਈ ਟਾਈਮਰਾਂ ਨਾਲ ਲੈਸ ਹਨ, ਵੀ ਬਰਾਮਦ ਕੀਤੀਆਂ। ਏਆਈਜੀ ਨੇ ਦੱਸਿਆ ਕਿ ਜਾਂਚ ਤੋਂ ਇਹ ਵੀ ਪਤਾ ਚੱਲਿਆ ਹੈ ਕਿ ਲਗਭਗ ਦੋ ਹਫ਼ਤੇ ਪਹਿਲਾਂ, ਜ਼ਬਤ ਕੀਤੀ ਗਈ ਇਹ ਖੇਪ ਪਾਕਿਸਤਾਨ ਅਧਾਰਤ ਹੈਂਡਲਰ ਵੱਲੋਂ ਅਜਨਾਲਾ ਸੈਕਟਰ ਵਿੱਚ ਡਰੋਨ ਰਾਹੀਂ ਭੇਜੀ ਗਈ ਸੀ ਅਤੇ ਇਹ ਖੇਪ ਗ੍ਰਿਫਤਾਰ ਕੀਤੇ ਗਏ ਵਿਅਕਤੀ ਨੇ ਪ੍ਰਾਪਤ ਕਰਕੇ ਆਪਣੇ ਪਿੰਡ ਕੋਟਲਾ ਤਰਖਾਣਾ ਦੇ ਨੇੜੇ ਇੱਕ ਨਹਿਰ ਕੋਲ ਛੁਪਾ ਦਿੱਤੀ ਸੀ। ਉਨ੍ਹਾਂ ਅੱਗੇ ਕਿਹਾ ਕਿ ਉਸਦੇ ਹੈਂਡਲਰਾਂ ਨੇ ਉਸ ਨੂੰ ਤਿਆਰ ਰਹਿਣ ਅਤੇ ਇਸ ਆਈਈਡੀਜ਼ ਦੀ ਟੀਚਾਗਤ ਵਰਤੋਂ ਲਈ ਕਿਸੇ ਹੋਰ ਵਿਅਕਤੀ ਨੂੰ ਡਿਲੀਵਰ ਕਰਨ ਵਾਸਤੇ ਅਗਲੇ ਆਦੇਸ਼ਾਂ ਦੀ ਉਡੀਕ ਕਰਨ ਲਈ ਕਿਹਾ ਸੀ। ਇਸ ਸਬੰਧੀ, ਐਫਆਈਆਰ ਨੰਬਰ 63 ਮਿਤੀ 25.10.2025 ਨੂੰ ਅਸਲਾ ਐਕਟ ਦੀ ਧਾਰਾ 25, ਵਿਸਫੋਟਕ ਪਦਾਰਥ ਐਕਟ ਦੀ ਧਾਰਾ 3, 4 ਅਤੇ 5 ਅਤੇ ਭਾਰਤੀ ਨਿਆਂ ਸੰਹਿਤਾ (ਬੀਐਨਐਸ) ਦੀ ਧਾਰਾ 111 ਅਤੇ 61(2) ਤਹਿਤ ਥਾਣਾ ਐਸਐਸਓਸੀ ਅੰਮ੍ਰਿਤਸਰ ਵਿਖੇ ਦਰਜ ਕੀਤੀ ਗਈ ਹੈ।

## ਚੋਰਾਂ ਦੇ ਗਿਰੋਹ ਨੇ ਅੱਧੀ ਦਰਜ਼ਨ ਕਿਸਾਨਾਂ ਦੇ ਖੇਤਾਂ ’ਚੋਂ ਕੇਬਲਾਂ ਵੱਢੀਆਂ, ਹਜਾਰਾਂ ਰੁਪਏ ਦਾ ਨੁਕਸਾਨ

**ਤਪਾ ਮੰਡੀ, 25 ਅਕਤੂਬਰ (ਬੰਟੀ ਦੀਕਸ਼ਿਤ)**- ਬੀਤੀ ਰਾਤ ਇਥੋਂ 8 ਕਿਲੋਮੀਟਰ ਦੂਰ ਪਿੰਡ ਸੁਖਪੁਰਾ ਦੇ ਸਮਸ਼ਾਨ ਘਾਟ ਨੇੜਲੇ ਖੇਤਾਂ ‘ਚ ਚੋਰਾਂ ਦੇ ਗਿਰੋਹ ਦੇ ਗਿਰੋਹ ਨੇ ਅੱਧੀ ਦਰਜਨ ਦੇ ਕਰੀਬ ਕਿਸਾਨਾਂ ਦੇ ਖੇਤਾਂ ‘ਚੋਂ ਮੋਟਰ ਕਮਰਿਆਂ ਦੇ ਜਿੰਦਰਿਆਂ ਦੀ ਭੰਨ੍ਹਤੋੜ ਕਰਕੇ ਕੇਬਲਾਂ ਅਤੇ ਸਟਾਟਰਾਂ ਨੂੰ ਚੋਰੀ ਕਰ ਲਏ ਜਾਣ ਕਾਰਨ ਕਿਸਾਨਾਂ ‘ਚ ਭਾਰੀ ਦਹਿਸਤ ਦਾ ਮਾਹੌਲ ਦੇਖਣ ਨੂੰ ਮਿਲ ਰਿਹਾ ਹੈ ।ਇਸ ਸੰਬੰਧੀ ਇਕੱਤਰ ਹੋਏ ਕਿਸਾਨਾਂ ਅਮਰਜੀਤ ਸ਼ਰਮਾ,ਕੌਰ ਚੰਦ, ਜਨਕ ਰਾਜ, ਮਹਿੰਦਰ ਸਿੰਘ ਆਦਿ ਨੇ ਦੱਸਿਆ ਕਿ ਰਾਤ ਸਮੇਂ ਜਦ ਉਹ ਆਪੋ ਆਪਣੇ ਘਰਾਂ ‘ਚ ਸੁੱਤੇ ਪਏ ਸੀ ਤਾਂ ਚੋਰਾਂ ਦੇ ਗਿਰੋਹ ਨੇ ਉਕਤ ਕਿਸਾਨਾਂ ਦੇ ਖੇਤਾਂ ‘ਚ ਦਾਖਲ ਹੋ ਕੇ ਮੋਟਰ ਕਮਰਿਆਂ ਨੂੰ ਲੱਗੇ ਜਿੰਦਰਿਆਂ ਦੀ ਭੰਨ੍ਹ ਤੋੜ ਕਰਕੇ ਸਟਾਰਟਾਂ ਨੂੰ ਖੋਲ੍ਹਕੇ ਲੈ ਗਏ ਅਤੇ ਕੇਬਲਾਂ ਨੂੰ ਵੱਢ ਕੇ ਨੇੜੇ ਵਾਹਨਾਂ ‘ਚ ਹੀ ਕੇਬਲਾਂ ਨੂੰ ਅੱਗ ਲਾ ਕੇ ਉਨ੍ਹਾਂ ਵਿੱਚੋਂ ਤਾਂਬਾ ਕੱਢਕੇ ਲੈ ਗਏ ਅਤੇ ਖੇਤਾਂ ‘ਚ ਲੱਗੇ ਟਰਾਂਫਾਰਮਰਾਂ ‘ਚੋਂ ਤੇਲ ਚੋਰੀ ਕਰਕੇ ਲੈ ਗਏ,ਜਿਸ ਦੀ ਅੰਦਾਜਨ ਕੀਮਤ ਹਜਾਰਾਂ ਰੁਪਏ ਬਣਦੀ ਹੈ ਚੋਰੀ ਕਰਕੇ ਲੈ ਗਏ। ਕਿਸਾਨਾਂ ਨੂੰ ਚੋਰੀ ਸੰਬੰਧੀ ਸਵੇਰ ਸਮੇਂ ਪਤਾ ਲੱਗਾ ਜਦ ਉਹ ਖੇਤਾਂ ‘ਚ ਗੇੜਾ ਲਾਉਣ ਗਏ ਤਾਂ ਦੇਖਿਆ ਕਿ ਮੋਟਰ ਕਮਰਿਆਂ ਦੇ ਜਿੰਦਰੇ ਟੁੱਟੇ ਪਏ ਸੀ ਅਤੇ ਪਾਸ ਹੀ ਕੇਬਲਾਂ ਨੂੰ ਵੱਢ ਕੇ ਅੱਗ ਲਾਕੇ ਤਾਂਬਾ ਕੱਢਕੇ ਚੋਰੀ ਕਰਕੇ ਲੈ ਗਏ ।ਕਿਸਾਨਾਂ ਦਾ ਕਹਿਣਾ ਹੈ ਕਿ ਇੱਕ ਪਾਸੇ ਤਾਂ ਕਿਸਾਨ ਕੁਦਰਤੀ ਮਾਰ ਝੱਲ ਰਹੇ ਹਨ ,ਦੂਸਰੇ ਪਾਸੇ ਚੋਰ ਉਨ੍ਹਾਂ ਦੀਆਂ ਰਾਤ ਦੀਆਂ ਨੀਂਦਾਂ ਹਰਾਮ ਕਰ ਰਹੇ ਹਨ,ਉਨ੍ਹਾਂ ਪੁਲਿਸ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਪੁਲਿਸ ਇਸ ਪਾਸੇ ਧਿਆਨ ਦੇਵੇ ।ਇਸ ਮੌਕੇ ਅਵਤਾਰ ਰਾਮ, ਹਰਪਾਲ ਸਿੰਘ, ਮੁਖਤਿਆਰ ਰਾਮ ਆਦਿ ਵੀ ਹਾਜਰ ਸਨ। ਜਦ ਥਾਣਾ ਮੁੱਖੀ ਸ਼ਹਿਨਾ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਇਸ ਚੋਰੀ ਸੰਬੰਧੀ ਕੋਈ ਸ਼ਿਕਾਇਤ ਨਹੀਂ ਮਿਲੀ ਹੈ।



# ਮਾਰਕੀਟ ਕਮੇਟੀ ਦੇ ਚੇਅਰਮੈਨ ਤਰਸੇਮ ਸਿੰਘ ਕਾਨੇਕੇ ਨੇ ਅਨਾਜ ਮੰਡੀ ਦਾ ਕੀਤਾ ਦੌਰਾ



**ਤਪਾ ਮੰਡੀ,25 ਅਕਤੂਬਰ (ਬੰਟੀ ਦੀਕਸ਼ਿਤ,ਮੇਸੀ ਤਪਾ):** ਪੰਜਾਬ ਸਰਕਾਰ ਅਤੇ ਪੰਜਾਬ ਮੰਡੀ ਬੋਰਡ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਨਾਜ ਮੰਡੀਆਂ ਵਿੱਚ ਕਿਸਾਨਾਂ ਆੜਤੀਆਂ ਤੇ ਮਜ਼ਦੂਰਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ ਇਸ ਸਬੰਧੀ ਮਾਰਕੀਟ ਕਮੇਟੀ ਤਪਾ ਅਧੀਨ ਆਉਂਦੀਆਂ ਅਨਾਜ ਮੰਡੀਆਂ ਦਾ ਮਾਰਕੀਟ ਕਮੇਟੀ ਤਪਾ ਦੇ ਚੇਅਰਮੈਨ ਤਰਸੇਮ ਸਿੰਘ ਕਾਨੇਕੇ ਅਤੇ ਸਕੱਤਰ ਹਰਦੀਪ ਸਿੰਘ ਗਿੱਲ ਨੇ ਅਨਾਜ ਮੰਡੀਆਂ ਦਾ ਦੌਰਾ ਕੀਤਾ ਇਸ ਮੌਕੇ ਉਹਨਾਂ ਨੇ ਮੰਡੀ ਦੇ ਪ੍ਰਬੰਧਾਂ ਤੇ ਤਸੱਲੀ ਪ੍ਰਗਟਉਂਦਿਆਂ ਹੋਇਆਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਕਿਸਾਨ ਅਨਾਜ ਮੰਡੀਆਂ ਵਿੱਚ ਸਾਫ ਅਤੇ ਸੁੱਕੀ ਫਸਲ ਲੈ ਕੇ ਆਉਣ ਤਾਂ ਜੋ ਕਿਸੇ ਵੀ ਕਿਸਾਨ ਨੂੰ ਆੜਤੀਆ ਤੇ ਮਜ਼ਦੂਰ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਪੇਸ਼ ਨਾ ਆਵੇ ਉਨਾਂ ਕਿਹਾ ਕਿ ਅਨਾਜ ਮੰਡੀਆਂ ਵਿੱਚ ਫਸਲ ਦੀ ਖਰੀਦ ਲਿਫਟਿੰਗ ਤੇ ਤਸੱਲੀ ਪ੍ਰਗਟ ਕਰਦਿਆਂ ਹੋਇਆਂ ਕਿਹਾ ਕਿ ਅਨਾਜ ਮੰਡੀਆਂ ਵਿੱਚ ਵਧੀਆ ਪ੍ਰਬੰਧਾਂ ਤਹਿਤ ਝੋਨੇ ਦੀ ਫਸਲ ਦਾ ਸੀਜਨ ਵਧੀਆ ਤਰੀਕੇ ਨਾਲ ਚੱਲ ਰਿਹਾ ਹੈ। ਇਸ ਮੌਕੇ ਗੁਰਲਾਲ ਸਿੰਘ,ਗੁਰਪ੍ਰੀਤ ਸਿੰਘ ,ਅੰਗਰੇਜ ਸਿੰਘ,ਸੋਨੂ ਮਾਂਗਟ,ਸੁਨੀਲ ਕੁਮਾਰ ,ਗੁਰਮੁਖ ਸਿੰਘ ਬਿਕਰਮ ਲੋਟੇ ਆਦਿ ਹਾਜ਼ਰ ਸਨ।

# ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ 28 ਅਕਤੂਬਰ ਨੂੰ ਮੈਮੋਰੀ ਚਿੱਪ ਤਕਨਾਲੋਜੀ ਦੇ ਭਵਿੱਖ 'ਤੇ ਵਿਸ਼ਵ ਪ੍ਰਸਿੱਧ ਖੋਜੀ ਡਾ. ਗੁਰਤੇਜ ਸਿੰਘ ਸੰਧੂ ਦਾ ਲੈਕਚਰ



**ਅੰਮ੍ਰਿਤਸਰ, 25 ਅਕਤੂਬਰ, ਸੋਨੂੰ ਨਰੂਲਾ** – ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ਕਰਵਾਏ ਜਾ ਰਹੇ ਪ੍ਰੋਗਰਾਮਾਂ ਦੀ ਲੜੀ ਤਹਿਤ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਇਸ ਦੀ ਐਲੂਮਨੀ ਐਸੋਸੀਏਸ਼ਨ ਵੱਲੋਂ ਇੱਕ ਵਿਸ਼ੇਸ਼ ਲੈਕਚਰ ਦਾ ਆਯੋਜਨ ਕੀਤਾ ਜਾ ਰਿਹਾ ਹੈ।

ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀ ਡਾ. ਗੁਰਤੇਜ ਸਿੰਘ ਸੰਧੂ, ਜੋ ਇਸ ਸਮੇਂ ਮਾਈਕਰੋਨ ਟੈਕਨਾਲੋਜੀ, ਇੰਕ., ਅਮਰੀਕਾ ਵਿੱਚ ਕਾਰਪੋਰੇਟ ਵਾਈਸ ਪ੍ਰੈਜ਼ੀਡੈਂਟ ਵਜੋਂ ਸੇਵਾ ਨਿਭਾ ਰਹੇ ਹਨ, 28 ਅਕਤੂਬਰ, 2025 ਨੂੰ ਸਵੇਰੇ 9:30 ਵਜੇ ਗੁਰੂ ਨਾਨਕ ਭਵਨ ਆਡੀਟੋਰੀਅਮ ਵਿਖੇ 'ਮੈਮੋਰੀ ਚਿੱਪ ਤਕਨਾਲੋਜੀ ਅਤੇ ਇਨੋਵੇਸ਼ਨ ਦਾ ਭਵਿੱਖ' ਵਿਸ਼ੇ 'ਤੇ ਸੰਬੋਧਨ ਕਰਨਗੇ।

ਵਾਈਸ ਚਾਂਸਲਰ ਅਤੇ ਐਲੂਮਨੀ ਐਸੋਸੀਏਸ਼ਨ ਦੇ ਪ੍ਰਧਾਨ, ਪ੍ਰੋ. ਕਰਮਜੀਤ ਸਿੰਘ ਨੇ ਦੱਸਿਆ ਕਿ ਡਾ. ਸੰਧੂ ਨੇ ਯੂਨੀਵਰਸਿਟੀ ਤੋਂ ਬੀ.ਐੱਸ.ਸੀ. ਅਤੇ ਐਮ.ਐੱਸ.ਸੀ. ਫਿਜ਼ਿਕਸ ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ ਸਨ ਅਤੇ ਅੱਜ ਉਹ 1400 ਦੇ ਕਰੀਬ ਪੇਟੈਂਟਾਂ ਨਾਲ ਵਿਸ਼ਵ ਦੇ ਮਹਾਨ ਖੋਜੀਆਂ ਵਿੱਚੋਂ ਇੱਕ ਹਨ। ਵਾਈਸ ਚਾਂਸਲਰ ਨੇ ਮਾਣ ਪ੍ਰਗਟ ਕਰਦਿਆਂ ਕਿਹਾ ਕਿ ਡਾ. ਸੰਧੂ ਦੀਆਂ ਪ੍ਰਾਪਤੀਆਂ ਚਿੱਪ ਡਿਜ਼ਾਈਨਿੰਗ, ਮਾਈਕ੍ਰੋਇਲੈਕਟਰੋਨਿਕਸ ਅਤੇ ਸੈਮੀਕੰਡਕਟਰ ਡਿਵਾਈਸਾਂ ਦੇ ਖੇਤਰ ਵਿੱਚ ਕੰਮ ਕਰਨ ਦੇ ਚਾਹਵਾਨ ਨਵੇਂ ਤਕਨਾਲੋਜਿਸਟਾਂ ਅਤੇ ਵਿਗਿਆਨੀਆਂ ਲਈ ਪ੍ਰੇਰਣਾ ਸਰੋਤ ਹਨ।

ਫਿਜ਼ਿਕਸ ਵਿਭਾਗ ਦੇ ਪ੍ਰੋਫੈਸਰ ਅਤੇ ਡੀਨ ਐਲੂਮਨੀ ਐਸੋਸੀਏਸ਼ਨ, ਪ੍ਰੋ. ਅਤੁਲ ਖੰਨਾ ਨੇ ਦੱਸਿਆ ਕਿ ਡਾ. ਗੁਰਤੇਜ ਸਿੰਘ ਸੰਧੂ ਆਧੁਨਿਕ ਯੁੱਗ ਵਿੱਚ ਮੈਮੋਰੀ ਡਿਵਾਈਸਾਂ ਵਜੋਂ ਵਰਤੇ ਜਾਂਦੇ ਇੰਟੈਗਰੇਟਿਡ ਸਰਕਟ (ਆਈ.ਸੀ.) ਜਾਂ 'ਚਿੱਪਾਂ' ਦੇ ਡਿਜ਼ਾਈਨ ਅਤੇ ਫੈਬਰੀਕੇਸ਼ਨ ਦੇ ਮਹੱਤਵਪੂਰਨ ਵਿਸ਼ੇ 'ਤੇ ਚਾਨਣਾ ਪਾਉਣਗੇ, ਜਿਸ ਨਾਲ ਡਾਟਾ ਸਟੋਰੇਜ ਅਤੇ ਕੰਪਿਊਟੇਸ਼ਨਲ ਸਮਰੱਥਾਵਾਂ ਵਿੱਚ ਵੱਡਾ ਵਾਧਾ ਹੋਇਆ ਹੈ।

ਡਾ. ਸੰਧੂ ਇਸ ਸਮੇਂ ਮਾਈਕਰੋਨ ਟੈਕਨਾਲੋਜੀ ਇਨਕਾਰਪੋਰੇਸ਼ਨ, ਅਮਰੀਕਾ ਵਿੱਚ ਪ੍ਰਿੰਸੀਪਲ ਫੈਲੋ ਅਤੇ ਕਾਰਪੋਰੇਟ ਵਾਈਸ ਪ੍ਰੈਜ਼ੀਡੈਂਟ ਹਨ। ਉਹ ਆਈ.ਸੀ. ਪ੍ਰੋਸੈਸਿੰਗ ਲਈ ਪ੍ਰਕਿਰਿਆ ਤਕਨਾਲੋਜੀਆਂ ਦੀ ਇੱਕ ਵਿਸ਼ਾਲ ਸ਼੍ਰੇਣੀ ਵਿੱਚ ਸਰਗਰਮੀ ਨਾਲ ਸ਼ਾਮਲ ਰਹੇ ਹਨ ਅਤੇ ਉਨ੍ਹਾਂ ਨੇ ਮੁੱਖ ਧਾਰਾ ਦੇ ਸੈਮੀਕੰਡਕਟਰ ਚਿੱਪ ਨਿਰਮਾਣ ਵਿੱਚ ਵਰਤੀਆਂ ਜਾਂਦੀਆਂ ਕਈ ਪ੍ਰਕਿਰਿਆ ਤਕਨਾਲੋਜੀਆਂ ਦੀ ਸ਼ੁਰੂਆਤ ਕੀਤੀ ਹੈ।

ਵਰਨਣਯੋਗ ਹੈ ਕਿ ਸੈਮੀਕੰਡਕਟਰ ਡਿਵਾਈਸਾਂ ਅਤੇ ਚਿੱਪ ਨਿਰਮਾਣ ਭਾਰਤ ਸਰਕਾਰ ਦੇ ਮੁੱਖ ਤਰਜੀਹੀ ਖੇਤਰਾਂ ਵਿੱਚੋਂ ਇੱਕ ਹੈ। ਅਜਿਹੇ ਸਮੇਂ ਵਿੱਚ, ਮੈਮੋਰੀ ਚਿੱਪ ਡਿਜ਼ਾਈਨ ਅਤੇ ਫੈਬਰੀਕੇਸ਼ਨ ਦੇ ਖੇਤਰ ਵਿੱਚ ਵਿਸ਼ਵ ਦੇ ਪ੍ਰਮੁੱਖ ਅਥਾਰਟੀ ਡਾ. ਗੁਰਤੇਜ ਸਿੰਘ ਸੰਧੂ ਦਾ ਇਹ ਲੈਕਚਰ ਵਿਦਿਆਰਥੀਆਂ ਅਤੇ ਫੈਕਲਟੀ ਲਈ ਇਸ ਮਹੱਤਵਪੂਰਨ ਤਕਨਾਲੋਜੀ ਬਾਰੇ ਜਾਣਨ ਦਾ ਇੱਕ ਅਨੋਖਾ ਮੌਕਾ ਹੋਵੇਗਾ।

# ਕਾਂਗਰਸ ਪਾਰਟੀ ਦੀ 'ਵੋਟ ਚੋਰ ਗੱਦੀ ਛੋੜ' ਮੁਹਿੰਮ ਘਰ ਘਰ ਤੱਕ ਲੈਕੇ ਜਾਵਾਂਗੇ - ਹਰਪਾਲ ਸਿੰਘ ਸੋਨੂੰ

## ਮੁਹਿੰਮ ਤਹਿਤ ਹਰ ਮੁਹੱਲੇ, ਹਰ ਗਲੀ ਅਤੇ ਹਰ ਘਰ ਤੱਕ ਪਹੁੰਚ ਕੀਤੀ ਜਾ ਰਹੀ ਹੈ




**ਸੰਗਰੂਰ, 25 ਅਕਤੂਬਰ (ਸ਼ਰਮਾ)** ਪੰਜਾਬ ਪ੍ਰਦੇਸ਼ ਕਾਂਗਰਸ ਓ.ਬੀ.ਸੀ. ਡਿਪਾਰਟਮੈਂਟ ਦੇ ਵਾਈਸ ਚੇਅਰਮੈਨ ਅਤੇ ਸੰਗਰੂਰ ਤੋਂ ਕਾਂਗਰਸ ਪਾਰਟੀ ਦੇ ਮੁੱਖ ਬੁਲਾਰੇ ਹਰਪਾਲ ਸਿੰਘ ਸੋਨੂੰ ਵੱਲੋਂ ਇੰਡੀਅਨ ਨੈਸ਼ਨਲ ਕਾਂਗਰਸ ਦੇ ਮੁਖੀ ਸ਼੍ਰੀ ਰਾਹੁਲ ਗਾਂਧੀ ਜੀ ਵੱਲੋਂ ਦੇਸ਼ ਭਰ ਵਿੱਚ ਬੀਜੇਪੀ ਸਰਕਾਰ ਵਿਰੁੱਧ ਛੇੜੀ ਗਈ ' ਵੋਟ ਚੋਰ ਗੱਦੀ ਛੋੜ ' ਮੁਹਿੰਮ ਨੂੰ ਸਫਲ ਬਣਾਉਣ ਲਈ ਸੰਗਰੂਰ ਅੰਦਰ ਇਸ ਮੁਹਿੰਮ ਦੀ ਵਧੀਆ ਕਾਰਗੁਜ਼ਾਰੀ ਕਰਨ ਸਬੰਧੀ ਪ੍ਰੈੱਸ ਨੋਟ ਜਾਰੀ ਕੀਤਾ ਗਿਆ।

ਹਰਪਾਲ ਸਿੰਘ ਸੋਨੂੰ ਨੇ ਕਿਹਾ ਕਿ ਸੂਬੇ ਭਰ ਵਿੱਚ ਪੰਜਾਬ ਦੇ ਪ੍ਰਧਾਨ ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਸੰਗਰੂਰ ਵਿਖੇ ਸਾਬਕਾ ਕੈਬਨਿਟ ਮੰਤਰੀ ਸ਼੍ਰੀ ਵਿਜੈ ਇੰਦਰ ਸਿੰਗਲਾ ਜੀ ਦੀ ਯੋਗ ਅਗਵਾਈ ਹੇਠ ਕਾਂਗਰਸ ਪਾਰਟੀ ਦੇ ਮਿਹਨਤੀ ਵਰਕਰਾਂ ਵੱਲੋਂ ਇਸ ਮੁਹਿੰਮ ਨੂੰ ਸਫਲ ਬਣਾਉਣ ਲਈ ਹਰੇਕ ਮੁਹੱਲੇ ਦੀ ਹਰ ਇੱਕ ਗਲੀ ਅਤੇ ਹਰੇਕ ਘਰ ਤੱਕ ਪਹੁੰਚ ਕੀਤੀ ਜਾ ਰਹੀ ਹੈ, ਸੋਨੂੰ ਨੇ ਅੱਗੇ ਕਿਹਾ ਕਿ ਕਾਂਗਰਸ ਪਾਰਟੀ ਦੀ ਇਸ ਮੁਹਿੰਮ ਨੂੰ ਜਨਤਾ ਵੱਲੋਂ ਭਰਵਾਂ ਹੁੰਗਾਰਾ ਦਿੱਤਾ ਜਾ ਰਿਹਾ ਹੈ, ਕਿਉਂਕਿ ਦੇਸ਼ ਦੀ ਜਨਤਾ ਕੇਂਦਰ ਦੀ ਬੀਜੇਪੀ ਸਰਕਾਰ ਦੀਆਂ ਫੇਲ ਨੀਤੀਆਂ ਤੋਂ ਤੰਗ ਆ ਚੁੱਕੀ ਹੈ ਅਤੇ ਕੇਂਦਰ ਸਰਕਾਰ ਵੱਲੋਂ ਸੱਤਾ ਹਥਿਆਉਣ ਲਈ ਵੋਟ ਚੋਰੀ ਕਰਨ ਵਰਗੇ ਹਥਕੰਡੇ ਅਪਨਾਕੇ ਅਤੇ ਦੇਸ਼ ਦੀ ਜਨਤਾ ਨਾਲ ਧੋਖਾ ਕਰਕੇ ਸੱਤਾ ਤੇ ਕਬਜਾ ਕੀਤਾ ਗਿਆ ਹੈ। ਜਿਸ ਕਾਰਨ ਆਮ ਜਨਤਾ ਵੱਲੋਂ ਕਾਂਗਰਸ ਪਾਰਟੀ ਦੀ ਇਸ ਮੁਹਿੰਮ ਨੂੰ ਸਫਲ ਕਰਨ ਲਈ ਵੱਧ ਚੜ੍ਹਕੇ ਯੋਗਦਾਨ ਪਾਇਆ ਜਾ ਰਿਹਾ ਹੈ।

ਹਰਪਾਲ ਸੋਨੂੰ ਨੇ ਆਖਿਰ ਵਿੱਚ ਦੱਸਿਆ ਕਿ ਸਾਬਕਾ ਕੈਬਨਿਟ ਮੰਤਰੀ ਸ਼੍ਰੀ ਵਿਜੈ ਇੰਦਰ ਸਿੰਗਲਾ ਜੀ ਵੱਲੋਂ ਸੰਗਰੂਰ ਹਲਕੇ ਵਿੱਚੋਂ ਘੱਟੋ ਘੱਟ 50 ਹਜਾਰ ਫਾਰਮ ਭਰਨ ਦਾ ਟੀਚਾ ਮਿੱਥਿਆ ਗਿਆ ਹੈ। ਜਿਸ ਸਬੰਧੀ ਕਾਂਗਰਸ ਪਾਰਟੀ ਦੇ ਵਰਕਰ ਲੋਕਾਂ ਦੀਆਂ ਦੁਕਾਨਾਂ ਅਤੇ ਘਰਾਂ ਵਿੱਚ ਜਾਕੇ 'ਵੋਟ ਚੋਰ ਗੱਦੀ ਛੋੜ' ਮੁਹਿੰਮ ਦੇ ਫਾਰਮ ਲਗਾਤਾਰ ਭਰਵਾ ਰਹੇ ਹਨ। ਉਹਨਾਂ ਵੱਲੋਂ ਸੰਗਰੂਰ ਸ਼ਹਿਰ ਦੇ ਵਿੱਚੋਂ ਪਿਛਲੇ ਦਿਨੀਂ ਘਰ ਘਰ ਅਤੇ ਗਲੀ ਗਲੀ ਵਿੱਚ ਜਾਕੇ ਭਰੇ ਫਾਰਮ ਅੱਜ ਭਾਰਤ ਗਰਗ ਸੁਨਾਮ ਪੀ.ਏ. ਟੂ ਸ਼੍ਰੀ ਵਿਜੈ ਇੰਦਰ ਸਿੰਗਲਾ ਨੂੰ ਜਮਾਂ ਕਰਵਾਏ ਗਏ। ਸੋਨੂੰ ਨੇ ਕਿਹਾ ਕਿ ਅਸੀਂ ਕਾਂਗਰਸ ਪਾਰਟੀ ਦੇ ਵਫਾਦਾਰ ਸਿਪਾਹੀ ਹੋਣ ਦੇ ਨਾਤੇ ਸਾਡੇ ਲੀਡਰਾਂ ਵੱਲੋਂ ਸ਼ੁਰੂ ਕੀਤੀ ਮੁਹਿੰਮ ਨੂੰ ਸਫਲ ਕਰਨ ਲਈ ਦਿਨ ਰਾਤ ਇੱਕ ਕੀਤਾ ਹੋਇਆ ਹੈ।

# ਵਿਦਿਆਰਥੀਆਂ ਨੂੰ ਟਰੈਫਿਕ ਨਿਯਮਾਂ ਸੰਬੰਧੀ ਕੀਤਾ ਜਾਗਰੂਕ



ਸੰਗਰੂਰ ਪੁਲਿਸ ਦੇ ਟਰੈਫ਼ਿਕ ਐਜੂਕੇਸ਼ਨ ਵੱਲੋਂ ਹੋਲੀ ਡਰੀਮ ਪਬਲਿਕ ਸੇਨ. ਸੈਕੰ. ਸਕੂਲ ਦਿੜ੍ਹਬਾ ਵਿਖੇ ਸੈਮੀਨਾਰ ਲਗਾ ਕੇ ਵਿਦਿਆਰਥੀਆਂ ਨੂੰ ਟਰੈਫਿਕ ਨਿਯਮਾਂ, ਸੜਕ ਸੁਰੱਖਿਆ, ਅੰਡਰਏਜ ਡਰਾਈਵਿੰਗ ਦੀ ਮਨਾਹੀ, ਨਸ਼ਿਆਂ ਦੇ ਮਾੜੇ ਪ੍ਰਭਾਵਾਂ, ਸਾਈਬਰ ਕ੍ਰਾਈਮ ਅਤੇ ਹੈਲਪਲਾਈਨ ਨੰਬਰ 112/1930 ਬਾਰੇ ਜਾਗਰੂਕ ਕੀਤਾ ਗਿਆ।

**ਫੋਟੋ ਅਤੇ ਵੇਰਵਾ ਸ਼ਰਮਾ ਪੱਤਰਕਾਰ ਸੰਗਰੂਰ।**

# ਭਾਰਤੀ ਕਿਸਾਨ ਯੂਨੀਅਨ ਡਕੌਂਦਾ ਜ਼ਿਲ੍ਹਾ ਬਰਨਾਲਾ ਦਾ ਕਾਫ਼ਲਾ ਹੜ੍ਹ ਪੀੜਤ ਕਿਸਾਨਾਂ ਅਤੇ ਗਰੀਬ ਪਰਿਵਾਰਾਂ ਦੀ ਮੱਦਦ ਲਈ ਰਾਹਤ ਸਮੱਗਰੀ ਲੈ ਕੇ ਹੋਇਆ ਰਵਾਨਾ




**ਤਪਾ ਮੰਡੀ, 25 ਅਕਤੂਬਰ (ਮੇਸੀ ਤਪਾ,ਬੰਟੀ ਦੀਕਸ਼ਿਤ):** ਭਾਰਤੀ ਕਿਸਾਨ ਯੂਨੀਅਨ ਡਕੌਂਦਾ ਜ਼ਿਲ੍ਹਾ ਬਰਨਾਲਾ ਦਾ ਕਾਫ਼ਲਾ ਸੂਬਾ ਕਮੇਟੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਹੜ੍ਹ ਪੀੜਤਾਂ ਕਿਸਾਨਾ ਅਤੇ ਗਰੀਬ ਪਰਿਵਾਰਾਂ ਦੀਆਂ ਮੱਦਦ ਲਈ ਕਾਫ਼ਲਾ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਹਰਚਰਨ ਸਿੰਘ ਸੁਖਪੁਰਾ ਅਤੇ ਸੂਬਾ ਪ੍ਰੈੱਸ ਸਕੱਤਰ ਇੰਦਰਪਾਲ ਸਿੰਘ ਬਰਨਾਲਾ ਦੀ ਅਗਵਾਈ ਹੇਠ ਜਲਾਲਾਬਾਦ ਦੇ ਦਰਿਆ ਇਲਾਕੇ ਲਈ ਰਵਾਨਾ ਹੋਇਆ। ਜ਼ਿਲ੍ਹਾ ਮੀਤ ਪ੍ਰਧਾਨ ਦਰਸ਼ਨ ਸਿੰਘ ਮਹਿਤਾ ਅਤੇ ਬਲਾਕ ਜਰਨਲ ਸਕੱਤਰ ਭੁਪਿੰਦਰ ਸਿੰਘ ਢਿੱਲਵਾਂ ਨੇ ਦੱਸਿਆ ਕਿ ਹੜ੍ਹ ਪ੍ਰਭਾਵਿਤ ਕਿਸਾਨਾਂ ਅਤੇ ਗਰੀਬ ਪਰਿਵਾਰਾਂ ਲਈ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੀਆਂ ਸਮੂਹ ਪਿੰਡ ਇਕਾਈਆ ਵੱਲੋਂ ਇਕੱਤਰ ਕੀਤੀ ਬੀਜ਼ ਲਈ ਕਣਕ ਪਸ਼ੂਆਂ ਲਈ ਅਚਾਰ ਆਟਾ,ਦਾਣਾ ਆਦਿ ਰਸਦ ਇਕੱਤਰ ਕੀਤੀ ਗਈ ਹੈ ਜਿਸ ਨੂੰ ਦੋ ਦਿਨਾਂ ਕੈਂਪ ਲਗਾ ਕੇ ਹੜ੍ਹ ਪ੍ਰਭਾਵਿਤ ਪਰਿਵਾਰਾਂ ਵਿਚ ਵੰਡਿਆ ਜਾਵੇਗਾ ਉਨਾਂ ਅੱਗੇ ਦੱਸਿਆ ਕਿ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਪੂਰੇ ਪੰਜਾਬ ਦੇ ਜ਼ਿਲਿਆਂ ਵਿਚੋਂ ਵੱਡੇ ਕਾਫਲੇ ਇਹਨਾਂ ਕੈਂਪਾਂ ਵਿੱਚ ਪਹੁੰਚ ਗਏ ਹਨ।ਇਸ ਮੌਕੇ ਜ਼ਿਲ੍ਹਾ ਜਨਰਲ ਸਕੱਤਰ ਸਿੰਕਦਰ ਸਿੰਘ ਭੂਰੇ,ਬਲਾਕ ਆਗੂ ਮੇਲਾ ਸਿੰਘ ਖੁੱਡੀ ਕਲਾਂ, ਬਲਾਕ ਮੀਤ ਪ੍ਰਧਾਨ ਜਗਜੀਤ ਸਿੰਘ ਅਲਕੜਾ, ਬਲਾਕ ਪ੍ਰੈਸ ਸਕੱਤਰ ਵਜ਼ੀਰ ਸਿੰਘ ਭਦੌੜ, ਗੁਰਮੀਤ ਸਿੰਘ ਧੁਰਕੋਟੀਆ, ਸਿੰਕਦਰ ਪਾਲ ਸਿੰਘ ਬਜਾਵਾ,ਗੁਰਮੇਲ ਸਿੰਘ ਜਗਜੀਤਪੁਰਾ, ਜੀਤ ਸਿੰਘ ਉੱਗੋਕੇ,ਰਾਜ ਸਿੰਘ ਨੈਣੇਵਾਲ, ਜੋਗਿੰਦਰ ਸਿੰਘ ਅਲਕੜਾ,ਭੋਲਾ ਸਿੰਘ ਭਦੌੜ,ਮਾਨ ਸਿੰਘ ਭਦੌੜ, ਮਿੱਠੂ ਸਿੰਘ ਜੰਗੀਆਣਾ,ਰਾਮੂ ਜੰਗੀਆਣਾ,ਸੀਤਾ ਸਿੰਘ ਖੁੱਡੀ ਕਲਾਂ,ਜੋਗਿੰਦਰ ਸਿੰਘ ਭੂਰੇ,ਸੁਰਜੀਤ ਸਿੰਘ ਭੂਰੇ,ਜ਼ੋਰਾਂ ਖਾਨ ਭੂਰੇ,ਜਗਤਾਰ ਸਿੰਘ ਖੁੱਡੀ ਕਲਾਂ, ਭੋਲਾ ਸਿੰਘ ਸੁਖਪੁਰਾ ਆਦਿ ਕਿਸਾਨ ਹਾਜ਼ਰ ਸਨ।

# ਵਿਧਾਇਕ ਬਲਕਾਰ ਸਿੰਘ ਸਿੱਧੂ ਨੇ ਵੱਖ-ਵੱਖ ਸੜਕਾਂ ਦੇ ਨਵੀਨੀਕਰਨ ਦੇ ਨੀਂਹ ਪੱਥਰ ਰੱਖੇ



**ਭਗਤਾ ਭਾਈ, 25 ਅਕਤੂਬਰ (ਰਾਜਿੰਦਰ ਸਿੰਘ ਮਰਾਹੜ)-** ਪੰਜਾਬ ਸਰਕਾਰ 16 ਕਰੋੜ 41 ਲੱਖ ਰੁਪਏ ਦੀ ਲਾਗਤ ਨਾਲ ਵਿਧਾਨ ਸਭਾ ਹਲਕਾ ਰਾਮਪੁਰਾ ਫੂਲ ਦੀਆਂ 41 ਸੜਕਾਂ ਦਾ ਨਵੀਨੀਕਰਨ ਕਰ ਰਹੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਇਕ ਬਲਕਾਰ ਸਿੰਘ ਸਿੱਧੂ ਨੇ ਅੱਜ ਬਲਾਕ ਭਗਤਾ ਭਾਈ ਦੇ ਪਿੰਡਾਂ ਵਿਚ ਵੱਖ-ਵੱਖ ਸੜਕਾਂ ਦਾ ਨੀਂਹ ਪੱਥਰ ਰੱਖਣ ਉਪਰੰਤ ਕੀਤਾ। ਵਿਧਾਇਕ ਸਿੱਧੂ ਨੇ ਦੱਸਿਆ ਕਿ ਪਿੰਡ ਨਿਓਰ ਤੋਂ ਗਿੱਦੜ ਤੱਕ 6 ਕਿਲੋਮੀਟਰ ਸੜਕ 95.60 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਕੀਤੀ ਜਾਵੇਗੀ। ਇਸੇ ਤਰ੍ਹਾਂ ਭੋਡੀਪੁਰਾ ਤੋਂ ਰਾਮੂਵਾਲਾ ਤੱਕ 3.60 ਕਿਲੋਮੀਟਰ ਦੀ ਸੜਕ 68.46 ਲੱਖ ਅਤੇ ਸਲਾਬਤਪੁਰਾ-ਰਾਮਪੁਰਾ-ਦਿਆਲਪੁਰਾ ਭਾਈਕਾ ਰੋਡ ਦੀ 3.68 ਕਿਲੋਮੀਟਰ ਸੜਕ 54.99 ਲੱਖ ਦੀ ਲਾਗਤ ਨਾਲ ਤਿਆਰ ਹੋਵੇਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਭਰ 'ਚ ਲਗਭਗ 19 ਹਜ਼ਾਰ ਕਿਲੋਮੀਟਰ ਤੋਂ ਵੱਧ ਦੀਆਂ ਲਿੰਕ ਸੜਕਾਂ ਦੀ ਉਸਾਰੀ ਅਤੇ ਉਨ੍ਹਾਂ ਦੀ ਮੁਰੰਮਤ ਦਾ ਵੱਡਾ ਕਾਰਜ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਸਾਰੇ ਪ੍ਰੋਜੈਕਟ ਸੂਬਾ ਸਰਕਾਰ ਦੀ ਦੂਰਅੰਦੇਸ਼ੀ ਨੀਤੀ ਅਤੇ ਲੋਕ ਭਲਾਈ ਪ੍ਰਤੀ ਵਚਨਬੱਧਤਾ ਦਾ ਸਪਸ਼ਟ ਪ੍ਰਮਾਣ ਹਨ। ਸੂਬਾ ਸਰਕਾਰ ਦੀ ਕੋਸ਼ਿਸ਼ ਹੈ ਕਿ ਪੰਜਾਬ ਦੇ ਹਰ ਸ਼ਹਿਰ ਅਤੇ ਪਿੰਡ ਦਾ ਬੁਨਿਆਦੀ ਢਾਂਚਾ ਮਜ਼ਬੂਤ ਤੇ ਆਧੁਨਿਕ ਬਣਾਇਆ ਜਾਵੇ, ਤਾਂ ਜੋ ਲੋਕਾਂ ਨੂੰ ਆਵਾਜਾਈ ਤੇ ਆਰਥਿਕ ਵਿਕਾਸ ਲਈ ਵਧੀਆ ਸਹੂਲਤਾਂ ਪ੍ਰਾਪਤ ਹੋਣ। ਇਸ ਮੌਕੇ ਵਿਧਾਇਕ ਨੇ ਇਲਾਕੇ ਦੇ ਨਿਵਾਸੀਆਂ ਨੂੰ ਭਰੋਸਾ ਦਵਾਇਆ ਕਿ ਹਲਕੇ ਦੇ ਹਰ ਪਿੰਡ ਵਿੱਚ ਵਿਕਾਸ ਦੇ ਕੰਮ ਬਿਨਾਂ ਕਿਸੇ ਭੇਦਭਾਵ ਦੇ ਤਰਜੀਹ ਅਧਾਰ ਤੇ ਜਾਰੀ ਰਹਿਣਗੇ। ਇਸ ਮੌਕੇ ਮਾਰਕੀਟ ਕਮੇਟੀ ਭਗਤਾ ਭਾਈ ਦੇ ਚੇਅਰਮੈਨ ਬੇਅੰਤ ਸਿੰਘ ਸਲਾਬਤਪੁਰਾ, ਬਲਾਕ ਸੰਮਤੀ ਭਗਤਾ ਭਾਈ ਦੇ ਚੇਅਰਮੈਨ ਗੁਰਪ੍ਰੀਤ ਸਿੰਘ ਧਾਲੀਵਾਲ, ਪਰਮਜੀਤ ਸਿੰਘ ਪੰਮਾ ਕਾਂਗੜ, ਸਰਪੰਚ ਹਰਪ੍ਰੀਤ ਸਿੰਘ ਭੋਡੀਪੁਰਾ, ਸਰਪੰਚ ਗੁਰਸੇਵਕ ਸਿੰਘ ਕੋਇਰ ਸਿੰਘ ਵਾਲਾ, ਸੰਜੀਵ ਕੁਮਾਰ ਬੰਟੀ ਭਗਤਾ ਤੇ ਰਾਣਾ ਭੋਡੀਪੁਰਾ ਹਾਜ਼ਰ ਸਨ।

# ਰਾਸ਼ਟਰੀ ਖੇਡਾਂ ਵਿੱਚ ਰਾਸ਼ਟਰੀ ਪੱਧਰ 'ਤੇ ਸੋਨ ਤਗਮੇ ਜਿੱਤਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ, ਹਰੇਕ ਵਿਦਿਆਰਥੀ ਨੂੰ 5100 ਰੁਪਏ ਦਿੱਤੇ ਗਏ



**ਮਲੋਟ, 25 ਅਕਤੂਬਰ (ਹਰਦੀਪ ਸਿੰਘ ਖਾਲਸਾ)** ਰਾਸ਼ਟਰੀ ਖੇਡਾਂ ਵਿੱਚ ਰਾਸ਼ਟਰੀ ਪੱਧਰ 'ਤੇ ਸੋਨ ਤਗਮੇ ਜਿੱਤਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਅਤੇ ਹਰੇਕ ਵਿਦਿਆਰਥੀ ਨੂੰ 5100 ਰੁਪਏ ਦਿੱਤੇ ਗਏ। ਵਿਦਿਆਰਥੀਆਂ ਨਾਲ ਗੱਲ ਕਰਦੇ ਹੋਏ, ਸਕੂਲ ਦੇ ਪ੍ਰਿੰਸੀਪਲ, ਸ਼੍ਰੀ ਰਾਕੇਸ਼ ਕੁਮਾਰ ਨੇ ਦੱਸਿਆ ਕਿ ਖੇਡਾਂ ਸਾਡੇ ਸਰੀਰਕ ਵਿਕਾਸ ਵਿੱਚ ਯੋਗਦਾਨ ਪਾਉਂਦੀਆਂ ਹਨ। ਜੇਕਰ ਅਸੀਂ ਸਰੀਰਕ ਤੌਰ 'ਤੇ ਸਿਹਤਮੰਦ ਰਹਾਂਗੇ, ਤਾਂ ਅਸੀਂ ਆਪਣੇ ਆਪ ਮਾਨਸਿਕ ਤੌਰ 'ਤੇ ਸਿਹਤਮੰਦ ਹੋ ਜਾਵਾਂਗੇ। ਖੇਡਾਂ ਸਾਡੇ ਜੀਵਨ ਦਾ ਇੱਕ ਮਹੱਤਵਪੂਰਨ ਹਿੱਸਾ ਹਨ। ਖੇਡਣਾ ਸਾਨੂੰ ਆਪਣੇ ਆਤਮਵਿਸ਼ਵਾਸ ਨੂੰ ਵਧਾਉਣਾ ਅਤੇ ਬਿਹਤਰ ਬਣਾਉਣਾ ਸਿਖਾਉਂਦਾ ਹੈ। ਨਿਯਮਿਤ ਤੌਰ 'ਤੇ ਖੇਡਾਂ ਦਾ ਅਭਿਆਸ ਕਰਨ ਨਾਲ ਸਾਨੂੰ ਵਧੇਰੇ ਸਰਗਰਮ ਅਤੇ ਸਿਹਤਮੰਦ ਰਹਿਣ ਵਿੱਚ ਮਦਦ ਮਿਲ ਸਕਦੀ ਹੈ। ਖੇਡਾਂ ਵਿੱਚ ਹਿੱਸਾ ਲੈਣ ਨਾਲ ਸਾਨੂੰ ਕਈ ਬਿਮਾਰੀਆਂ ਤੋਂ ਬਚਾਇਆ ਜਾ ਸਕਦਾ ਹੈ। ਖੇਡਾਂ ਇੱਕ ਸਿਹਤਮੰਦ ਸਰੀਰ ਅਤੇ ਮਨ ਨੂੰ ਵਿਕਸਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਇਸ ਮੌਕੇ ਸਕੂਲ ਸਟਾਫ ਅਤੇ ਬੱਚੇ ਮੌਜੂਦ ਸਨ।

# ਡਾ. ਗੁਰਬਿੰਦਰ ਸਿੰਘ ਸੰਧੂ ਪਦਉੱਨਤ ਹੋ ਕੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਪੰਜਾਬ 'ਚ ਡਿਪਟੀ ਡਾਇਰੈਕਟਰ ਬਣੇ



**ਭਗਤਾ ਭਾਈ, 25 ਅਕਤੂਬਰ (ਰਾਜਿੰਦਰ ਸਿੰਘ ਮਰਾਹੜ)-** ਉੱਘੇ ਖੇਤੀਬਾੜੀ ਮਾਹਿਰ ਡਾ. ਗੁਰਬਿੰਦਰ ਸਿੰਘ ਸੰਧੂ ਪਦਉੱਨਤ ਹੋ ਕੇ ਡਿਪਟੀ ਡਾਇਰੈਕਟਰ ਖੇਤੀਬਾੜੀ ਬਣ ਗਏ ਹਨ। ਇਸ ਸਮੇਂ ਉਹ ਬਲਾਕ ਖੇਤੀਬਾੜੀ ਅਫ਼ਸਰ ਸਹਿਣਾ (ਬਰਨਾਲਾ) ਵਿਖੇ ਆਪਣੀਆਂ ਸੇਵਾਵਾਂ ਨਿਭਾਅ ਰਹੇ ਸਨ। ਤਰੱਕੀ ਉਪਰੰਤ ਉਨ੍ਹਾਂ ਨੇ ਚੀਫ/ਸੀਨੀਅਰ ਐਨਾਲਿਸਟ ਇਨਸੈਕਟੀਸਾਈਡ ਲੈਬ ਬਠਿੰਡਾ (ਸਟੇਟ ਲੈਵਲ) ਵਿਖੇ ਆਪਣਾ ਆਹੁਦਾ ਸੰਭਾਲ ਲਿਆ ਹੈ। ਪਿੰਡ ਸੰਧੂ ਖ਼ੁਰਦ (ਬਠਿੰਡਾ) ਦੇ ਜੰਮਪਲ ਡਾ. ਗੁਰਬਿੰਦਰ ਸਿੰਘ ਸੰਧੂ ਨੇ ਬੀ.ਐਸ.ਸੀ. ਐਗਰੀਕਲਚਰ ਸਰਕਾਰੀ ਬਰਜਿੰਦਰਾ ਕਾਲਜ ਫਰੀਦਕੋਟ ਅਤੇ ਐਮ.ਐਸ.ਸੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਕੀਤੀ ਹੈ। ਉਹ ਅਕਤੂਬਰ 2000 'ਚ ਬਤੌਰ ਖੇਤੀਬਾੜੀ ਵਿਕਾਸ ਅਫ਼ਸਰ (ਏ.ਡੀ.ਓ) ਭਰਤੀ ਹੋਏ। ਡਾ. ਗੁਰਬਿੰਦਰ ਸਿੰਘ ਸੰਧੂ ਨੇ ਨਵੀਂ ਜ਼ਿੰਮੇਵਾਰੀ ਮਿਲਣ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਉਹਨਾਂ ਖੇਤੀਬਾੜੀ ਮੰਤਰੀ ਜਥੇਦਾਰ ਗੁਰਮੀਤ ਸਿੰਘ ਖੁਡੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਇਸ ਜਿੰਮੇਵਾਰੀ ਨੂੰ ਕਿਸਾਨੀ ਹਿੱਤ ਲਈ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣਗੇ ਤਾਂ ਜੋ ਪੰਜਾਬ ਨੂੰ ਖੇਤੀਬਾੜੀ ਦੇ ਖੇਤਰ 'ਚ ਤਰੱਕੀ ਦੀਆਂ ਲੀਹਾਂ 'ਤੇ ਲਿਜਾਇਆ ਜਾ ਸਕੇ। ਇਸੇ ਦੌਰਾਨ ਡਾ. ਗੁਰਬਿੰਦਰ ਸਿੰਘ ਸੰਧੂ ਨੂੰ ਪਦਉੱਨਤ ਹੋਣ 'ਤੇ ਵਧਾਈਆਂ ਮਿਲ ਰਹੀਆਂ ਹਨ।

# ਰਾਜ ਪੱਧਰੀ ਕਲਾ ਉਤਸਵ ਦੇ ਮੁਕਾਬਲਿਆਂ ਵਿੱਚ ਨਿਸ਼ਾਨ ਅਕੈਡਮੀ ਦੀ ਵੋਕਲ ਮਿਊਜ਼ਿਕ ਲਈ ਚੁਣੀ ਗਈ ਟੀਮ ਲਵੇਗੀ ਭਾਗ



**ਮਲੋਟ, 25 ਅਕਤੂਬਰ (ਹਰਦੀਪ ਸਿੰਘ ਖਾਲਸਾ)** ਨਿਸ਼ਾਨ ਅਕੈਡਮੀ ਔਲਖ ਦੀ ਗੁਰਮਤ ਸੰਗੀਤ ਦੀ ਟੀਮ ਦੇ ਵਿਦਿਆਰਥੀਆਂ ਨੇ ਅਗਸਤ ਮਹੀਨੇ ਵਿੱਚ ਜਿਲਾ ਪੱਧਰੀ ਕਲਾ ਉਤਸਵ ਮੁਕਾਬਲਿਆਂ ਵਿੱਚ ਭਾਗ ਲੈ ਕੇ ਸ੍ਰੀ ਮੁਕਤਸਰ ਸਾਹਿਬ ਜਿਲੇ ਵਿੱਚੋਂ ਪਹਿਲਾ ਸਥਾਨ ਹਾਸਿਲ ਕੀਤਾ ਸੀ। ਜ਼ਿਲ੍ਹਾ ਪੱਧਰੀ ਮੁਕਾਬਲਿਆਂ ਤੋਂ ਬਾਅਦ ਪੂਰੇ ਪੰਜਾਬ ਦੇ ਛੇ ਛੇ ਜ਼ਿਲਿਆਂ ਦੇ ਚਾਰ ਜੋਨ ਬਣਾਏ ਗਏ। ਜਿਨਾਂ ਵਿੱਚ ਨਿਸ਼ਾਨ ਅਕੈਡਮੀ ਦੀ ਟੀਮ ਨੇ ਫਾਜ਼ਿਲਕਾ ਜੋਨ ਵਿੱਚ ਸਤੰਬਰ ਮਹੀਨੇ ਵਿੱਚ ਕਰਵਾਏ ਗਏ ਮੁਕਾਬਲਿਆਂ ਵਿੱਚ ਵੀ ਆਪਣੀ ਸੰਗੀਤ ਦੀ ਕਲਾ ਦਾ ਸੋਹਣਾ ਪ੍ਰਦਰਸ਼ਨ ਕਰਦੇ ਹੋਏ ਪਹਿਲਾ ਸਥਾਨ ਅਕੈਡਮੀ ਦੀ ਝੋਲੀ ਪਵਾਇਆ। ਇਹਨਾਂ ਚਾਰ ਜੋਨਾਂ ਵਿੱਚੋਂ ਪਹਿਲੇ ਸਥਾਨ ਤੇ ਰਹਿਣ ਵਾਲੀਆਂ ਟੀਮਾਂ ਦੇ ਰਾਜ ਪੱਧਰੀ ਮੁਕਾਬਲੇ ਪੰਜਾਬ ਸਕੂਲ ਸਿੱਖਿਆ ਬੋਰਡ ਮੁਹਾਲੀ ਵਿਖੇ ਮਿਤੀ 29 ਅਕਤੂਬਰ 2025 ਨੂੰ ਆਯੋਜਿਤ ਕੀਤੇ ਜਾ ਰਹੇ ਹਨ। ਜਿਸ ਵਿੱਚ ਨਿਸ਼ਾਨ ਅਕੈਡਮੀ ਦੀ ਟੀਮ ਭਾਗ ਲੈਣ ਜਾ ਰਹੀ ਹੈ। ਅਕੈਡਮੀ ਪ੍ਰਿੰਸੀਪਲ ਹਰਪ੍ਰੀਤ ਕੌਰ ਵੱਲੋਂ ਅਕੈਡਮੀ ਦੇ ਸੰਗੀਤ ਅਧਿਆਪਕ ਸ: ਸਤਵਿੰਦਰ ਸਿੰਘ ਅਤੇ ਟੀਮ ਦੇ ਵਿਦਿਆਰਥੀਆਂ ਨੂੰ ਸਖਤ ਮਿਹਨਤ ਕਰਕੇ ਸੋਹਣਾ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕੀਤਾ।

# ਸਕੂਲ ਆਫ ਐਮੀਨੈਂਸ ਲੰਬੀ ਵਿਖੇ ਲਗਾਇਆ ਮੇਲਾ

**ਮਲੋਟ, 25 ਅਕਤੂਬਰ (ਹਰਦੀਪ ਸਿੰਘ ਖਾਲਸਾ)** ਸਕੂਲ ਆਫ ਐਮੀਨੈਂਸ ਲੰਬੀ ਵਿਖੇ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਸਕੂਲ ਪ੍ਰਿੰਸੀਪਲ ਰਾਜੀਵ ਕੁਮਾਰ ਛਾਬੜਾ ਦੀ ਅਗਵਾਈ ਹੇਠ ਪੰਜਾਬੀ, ਹਿਸਟਰੀ, ਸਮਾਜਿਕ ਸਿੱਖਿਆ, ਅੰਗਰੇਜੀ ਅਤੇ ਵੋਕੇਸ਼ਨਲ (ਐਮ.ਓ. ਪੀ.) ਦਾ ਮੇਲਾ ਲਗਾਇਆ ਗਿਆ। ਜਿਸ ਵਿੱਚ ਵਿਦਿਆਰਥੀਆਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ।

ਇਸ ਮੌਕੇ ਅਧਿਆਪਕ ਮਨਦੀਪ ਸਿੰਘ, ਅਨੀਤਾ ਰਾਣੀ, ਅਨੀਤਾ ਸ਼ਰਮਾ, ਵਰਿੰਦਰ ਕਟਾਰੀਆ, ਸੁਖਜੀਤ ਸਿੰਘ, ਹੰਸ ਰਾਜ, ਪਿੰਕੀ ਰਾਣੀ, ਮੈਡਮ ਸ਼ਾਲਿਨੀ ਦੇ ਸਹਿਯੋਗ ਨਾਲ ਵਿਦਿਆਰਥੀਆਂ ਨੇ ਵੱਖ-ਵੱਖ ਪ੍ਰਕਾਰ ਦੇ ਮਾਡਲ ਤਿਆਰ ਕਰਕੇ ਇਸ ਪ੍ਰਦਰਸ਼ਨੀ ਰਾਹੀਂ ਆਪਣੇ ਗਿਆਨ ਵਿੱਚ ਵਾਧਾ ਕੀਤਾ। ਇਸ ਮੌਕੇ ਸਕੂਲ ਦੀ ਨਿਰੀਖਣ ਟੀਮ ਵਿੱਚ ਕਿਰਨ ਬਾਲਾ ਅਤੇ ਰਮਨੀਕ ਸਿੰਘ ਨੇ ਅਹਿਮ ਭੂਮਿਕਾ ਨਿਭਾਈ। ਪ੍ਰਿੰਸੀਪਲ ਰਾਜੀਵ ਕੁਮਾਰ ਛਾਬੜਾ ਨੇ ਕਿਹਾ ਕਿ ਇਸ ਤਰ੍ਹਾਂ ਦੇ ਗਿਆਨ ਵਰਦਕ ਮੇਲੇ ਵਿਦਿਆਰਥੀਆਂ ਵਿੱਚ ਪੜ੍ਹਨ ਦੀ ਰੁਚੀ ਨੂੰ ਹੋਰ ਵਧਾਉਂਦੇ ਹਨ। ਵਿੱਚ ਇਸ ਮੌਕੇ ਸਮੂਹ ਸਟਾਫ਼ ਵੀ ਮੌਜੂਦ ਸੀ।




# ਰਾਣਾ ਜਗਰੂਪ ਸਿੰਘ ਮਲਟੀਪਰਪਜ਼ ਸਿਹਤ ਕਰਮਚਾਰੀ ਦੀ ਹੋਈ ਨਾਜਾਇਜ਼ ਬਦਲੀ ਦੀ ਕੀਤੀ ਨਿਖੇਧੀ



**ਮਲੋਟ, 25 ਅਕਤੂਬਰ (ਹਰਦੀਪ ਸਿੰਘ ਖਾਲਸਾ)** ਅੱਜ ਮਲੋਟ ਵਿਖੇ ਮਲਟੀਪਰਪਜ਼ ਹੈਲਥ ਇੰਪਲਾਈਜ਼ ਯੂਨੀਅਨ ਬਲਾਕ ਆਲਮਵਾਲਾ ਦੇ ਆਗੂਆਂ ਦੀ ਮੀਟਿੰਗ ਬਲਾਕ ਪ੍ਰਧਾਨ ਰਾਜਿੰਦਰ ਬੱਲੂਆਣਾਂ ਦੀ ਅਗਵਾਈ ਹੇਠ ਹੋਈ। ਮੀਟਿੰਗ ਵਿੱਚ ਬੋਲਦਿਆਂ ਰਾਜਿੰਦਰ ਬੱਲੂਆਣਾਂ ਨੇਂ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਸਿਹਤ ਕਾਮਿਆਂ ਦੀਆਂ ਲਗਾਤਾਰ ਗੈਰ ਵਾਜ਼ਬ ਬਦਲੀਆਂ ਕਰਕੇ ਉਹਨਾਂ ਨੂੰ ਨਾਜਾਇਜ ਪਰੇਸ਼ਾਨ ਕੀਤਾ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਪਿੱਛਲੇ ਦਿਨੀਂ ਸਾਥੀ ਰਾਣਾ ਜਗਰੂਪ ਸਿੰਘ ਮਲਟੀਪਰਪਜ਼ ਹੈਲਥ ਵਰਕਰ ਸਬ ਸੈਂਟਰ ਮਧੀਰ, ਸੀ ਐਚ ਸੀ ਦੋਦਾ ਦੀ ਗੈਰ ਵਾਜ਼ਬ ਬਦਲੀ ਸਬ ਸੈਂਟਰ ਢੁੱਡੀ ਕੇ ਜਿਲਾ ਮੋਗਾ ਵਿਖੇ ਕੀਤੀ ਗਈ ਹੈ ਜਿਸ ਕਰਕੇ ਪੂਰੇ ਕੇਡਰ ਵਿੱਚ ਭਾਰੀ ਰੋਸ ਹੈ। ਜਿਕਰਯੋਗ ਹੈ ਕਿ ਕੁੱਝ ਦਿਨ ਪਹਿਲਾਂ ਸਾਥੀ ਜਸਮੇਲ ਸਿੰਘ ਮਲਟੀਪਰਪਜ਼ ਹੈਲਥ ਵਰਕਰ ਫਰੀਦਕੋਟ ਦੀ ਵੀ ਇਸੇ ਤਰਾਂ ਨਾਜਾਇਜ ਬਦਲੀ ਫਰੀਦਕੋਟ ਤੋਂ ਮੋਗਾ ਵਿਖੇ ਕਰ ਦਿੱਤੀ ਗਈ ਸੀ ਜੋ ਹਾਲੇ ਤੱਕ ਰੱਦ ਨਹੀਂ ਕੀਤੀ ਗਈ। ਅਫਸਰਾਂ ਵੱਲੋਂ ਇਹ ਬਦਲੀਆਂ ਕਰਨ ਲਈ ਲੋਕ ਹਿੱਤਾਂ ਅਤੇ ਪ੍ਰਬੰਧਕੀ ਆਧਾਰ ਵਰਗੇ ਸ਼ਬਦ ਵਰਤ ਕੇ ਮਹਿਕਮੇ ਨੂੰ ਲਗਾਤਾਰ ਭ੍ਰਿਸ਼ਟਾਚਾਰ ਦਾ ਅੱਡਾ ਬਣਾਇਆ ਜਾ ਰਿਹਾ ਹੈ ਜੋ ਕਿ ਜਥੇਬੰਦੀ ਵੱਲੋਂ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਜਥੇਬੰਦੀ ਦੇ ਆਗੂਆਂ ਵੱਲੋਂ ਬੋਲਦਿਆਂ ਦੱਸਿਆ ਗਿਆ ਕਿ ਇਹਨਾਂ ਸਾਥੀਆਂ ਦੀਆਂ ਨਾਜਾਇਜ ਕੀਤੀਆਂ ਬਦਲੀਆਂ ਜੇਕਰ ਰੱਦ ਨਾਂ ਕੀਤੀਆਂ ਗਈਆਂ ਤਾਂ ਜਥੇਬੰਦੀ ਚੁੱਪ ਨਹੀਂ ਬੈਠੇਗੀ ਅਤੇ ਆਉਣ ਵਾਲੇ ਦਿਨਾਂ ਵਿੱਚ ਇਸ ਧੱਕੇਸ਼ਾਹੀ ਦੇ ਵਿਰੁੱਧ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ। ਇਸ ਸਮੇਂ ਬਲਾਕ ਜਨਰਲ ਸਕੱਤਰ ਰਵੀ ਵਰਮਾਂ, ਮੁੱਖ ਸਲਾਹਕਾਰ ਬਲਾਰਜ ਸਿੰਘ, ਜੁਗਰਾਜ ਸਿੰਘ, ਗੁਰਪ੍ਰੀਤ ਸਿੰਘ ਅਤੇ ਆਤਮ ਪ੍ਰਕਾਸ਼ ਆਗੂ ਹਾਜ਼ਰ ਸਨ।

# ਤਾਜ ਮਹਿਲ

ਮੈਂ ਸੱਤਾ ਦੇ ਨਸ਼ੇ ਦਾ ਸਰੂਰ ਹਾਂ
ਮੈਂ ਅਯਾਸ਼ ਰਾਜੇ ਦੇ ਜਿੱਦ ਹਾਂ
ਮੈਂ ਮਹਿਬੂਬਾਂ ਦੀ ਕਬਰਗਾਹ ਹਾਂ
ਲੋਕਾਂ ਲਈ ਪਿਆਰ ਦੀ ਨਿਸ਼ਾਨੀ ਹਾਂ
ਸੰਗੇਮਰਮਰ ਨਾਲ ਸ਼ਿੰਗਾਰੀ ਪ੍ਰੀਤ ਹਾਂ
ਕਾਰੀਗਰਾਂ ਤੇ ਹੋਈ ਜ਼ੁਲਮ ਦੀ ਤਸਵੀਰ ਹਾਂ
ਇਤਿਹਾਸਕਾਰਾਂ ਲਈ ਮੈਂ ਅਜੂਬਾ ਹਾਂ
ਮੈਂ ਲੋਕਾਂ ਲਈ ਸੈਰਗਾਹ ਹਾਂ
ਮੈਂ ਤਾਂ ਵਿਚਾਰਾ ਤਾਜ ਮਹਿਲ ਹਾਂ
ਜੰਬਰ ਮੈਨੂੰ ਤਾਜ ਮਹਿਲ ਹੀ ਰਹਿਣ ਦਿਉ



**ਪਰਗਟ ਸਿੰਘ ਜੰਬਰ**
**ਤਿਲਕ ਨਗਰ**
**ਸ਼੍ਰੀ ਮੁਕਤਸਰ ਸਾਹਿਬ।**
8837726702

# ਵਿਆਹ ਦੀ ਵਰੇਗੰਢ ਮੁਬਾਰਕ



**ਪੱਤਰਕਾਰ ਵਿਕਾਸ ਮਿੱਤਲ ਤੇ ਰਜਨੀ ਨੂੰ ਵਿਆਹ ਦੀ ਵਰੇਗੰਢ ਮੁਬਾਰਕ।**

# ਵਿਦਿਆਰਥੀਆਂ ਨੇ ਸਿੱਖਣ ਪ੍ਰਕਿਰਿਆ ਤਹਿਤ ਘੱਟ ਲਾਗਤ ਵਾਲੇ ਦ੍ਰਿਸ਼ ਸਾਧਨਾਂ ਦਾ ਮੇਲਾ ਲਗਾਇਆ



**ਬਰਨਾਲਾ, 25 ਅਕਤੂਬਰ (ਮਾਲਵਾ ਬਾਣੀ)** ਐਸ.ਸੀ.ਈ.ਆਰ.ਟੀ ਪੰਜਾਬ ਵੱਲੋਂ ਪ੍ਰਾਪਤ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.) ਸ. ਸੁਨੀਤਇੰਦਰ ਸਿੰਘ ਅਤੇ ਉਪ-ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.) ਸ. ਬਰਜਿੰਦਰਪਾਲ ਸਿੰਘ ਬਰਨਾਲਾ, ਡਾਇਟ ਪ੍ਰਿੰਸੀਪਲ ਡਾ. ਮੁਨੀਸ਼ ਮੋਹਨ ਸ਼ਰਮਾ ਦੀ ਅਗਵਾਈ ਹੇਠ ਪ੍ਰਿੰਸੀਪਲ ਨਿਦਾ ਅਲਤਾਫ , ਬਲਾਕ ਨੋਡਲ ਅਫ਼ਸਰ ਹਰਪ੍ਰੀਤ ਕੌਰ ਸਕੂਲ ਮੁੱਖੀ ਪਰਮਜੀਤ ਕੌਰ ਦੀ ਰਹਿਨੁਮਾਈ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਡਬਰ ਵਿਖੇ ਸਮਾਜਿਕ ਵਿਗਿਆਨ ਵਿਸੇ ਦਾ ਮੇਲਾ ਲਗਾਇਆ ਗਿਆ।

ਇਹਨਾਂ ਮੇਲਿਆਂ ਸਬੰਧੀ ਉੱਪ - ਜ਼ਿਲ੍ਹਾ ਸਿੱਖਿਆ ਅਫ਼ਸਰ ਨੈਸ਼ਨਲ ਅਵਾਰਡਰੀ ਡਾ.ਬਰਜਿੰਦਰਪਾਲ ਸਿੰਘ ਨੇ ਕਿਹਾ ਕਿ ਵਿਦਿਆਰਥੀ ਇਹਨਾਂ ਮੇਲਿਆਂ ਰਾਹੀਂ ਦ੍ਰਿਸ਼ ਸਾਧਨਾ ਤਿਆਰ ਕਰਦੇ ਹੋਏ ਆਸਾਨੀ ਨਾਲ ਸਿੱਖਣ ਪ੍ਰਕਿਰਿਆ ਵਿੱਚ ਆਪਣੇ ਗਿਆਨ ਵਿੱਚ ਵਾਧਾ ਕਰਦੇ ਹਨ। ਕਿਉਂਕਿ ਦ੍ਰਿਸ਼ ਸਾਧਨਾਂ ਰਾਹੀਂ ਪ੍ਰਾਪਤ ਕੀਤੀ ਗਈ ਸਿੱਖਿਆ ਲੰਬੇ ਸਮੇਂ ਤੱਕ ਵਿਦਿਆਰਥੀ ਦੀ ਅਚੇਤ ਮਨ ਵਿੱਚ ਬਣੀ ਰਹਿੰਦੀ ਹੈ।

ਇਸ ਮੌਕੇ ਸਮਾਜਿਕ ਵਿਗਿਆਨ ਮਾਸਟਰ ਅਵਨੀਸ਼ ਕੁਮਾਰ ਨੇ ਦੱਸਿਆ ਸਮੂਹ ਸਟਾਫ ਅਤੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਲਗਾਇਆ ਗਿਆ । ਉਹਨਾਂ ਦੱਸਿਆ ਕਿ ਵਿਦਿਆਰਥੀਆਂ ਨੇ ਬੜੀ ਮਿਹਨਤ ਨਾਲ ਵੱਖ-ਵੱਖ ਤਰ੍ਹਾਂ ਦੇ ਪ੍ਰੋਜੈਕਟ ਤਿਆਰ ਕੀਤੇ ਹਨ। ਸਿੱਖਣ ਸਿਖਾਉਣ ਪ੍ਰਕਿਰਿਆ ਲਈ ਇਹ ਮੇਲੇ ਬਹੁਤ ਹੀ ਲਾਭਦਾਇਕ ਹਨ।ਇਸ ਮੇਲੇ ਵਿੱਚ ਵਿਸ਼ੇਸ਼ ਤੌਰ ਤੇ ਸਕੂਲ ਮੈਨੇਜਮੈਂਟ ਕਮੇਟੀ ਸਿੱਖਿਆ ਮੈਂਬਰ ਗੁਰਮੀਤ ਸਿੰਘ ਕਾਕਾ , ਸਰਪੰਚ ਨੁਮਾਇੰਦਾ ਸਮਾਜ ਸੇਵੀ ਜੱਗਾ ਸਿੰਘ ਨੇ ਵਿਸ਼ੇਸ਼ ਤੌਰ ਭਾਗ ਲੈਂਦੇ ਹੋਏ ਵਿਦਿਆਰਥੀਆਂ ਦੇ ਕਾਰਜ ਦੀ ਸ਼ਲਾਘਾ ਕੀਤੀ। ਉਹਨਾਂ ਕਿਹਾ ਕਿ ਪੰਜਾਬ ਵਿੱਚ ਸਿੱਖਿਆ ਕ੍ਰਾਂਤੀ ਦਾ ਦੌਰ ਚੱਲ ਰਿਹਾ ਹੈ।ਵਿਦਿਆਰਥੀਆਂ ਦਾ ਹੌਂਸਲਾ ਵਧਾਉਣ ਲਈ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ ਗਈ। ਉਨਾਂ ਵਿਦਿਆਰਥੀਆਂ ਤੋਂ ਪ੍ਰਸ਼ਨ ਪੁੱਛੇ। ਇਸ ਮੌਕੇ 'ਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਓਹਨਾਂ ਨੇ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਵਿੱਚ ਭਾਗ ਲੈਣ ਨਾਲ ਬੱਚਿਆਂ ਦੀ ਸ਼ਖ਼ਸੀਅਤ ਦਾ ਚੌਮੁਖੀ ਵਿਕਾਸ ਹੁੰਦਾ ਹੈ ਅਤੇ ਉਹ ਰੌਚਕ ਤਰੀਕੇ ਨਾਲ ਗਿਆਨ ਹਾਸਿਲ ਕਰਦੇ ਹਨ।

# ਆੜਤੀਆਂ ਦੀਆਂ ਹਰ ਸਮੱਸਿਆ ਨੂੰ ਪਹਿਲ ਦੇ ਅਧਾਰ ਤੇ ਹੱਲ ਕੀਤਾ ਜਾਵੇ- ਭਗਵੰਤ ਸਿੰਘ ਮਾਨ



**ਬੱਸੀ ਪਠਾਣਾਂ, 25 ਅਕਤੂਬਰ (ਰਾਜਨ ਭੱਲਾ)** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਬੱਸੀ ਪਠਾਣਾ ਅਨਾਜ ਮੰਡੀ ਦੌਰੇ ਉਪਰੰਤ ਫੈਡਰੇਸ਼ਨ ਆਫ ਆੜ੍ਹਤੀ ਐਸੋਸੀਏਸ਼ਨ ਪੰਜਾਬ ਦੇ ਸੂਬਾ ਪ੍ਰੈਸ ਸਕੱਤਰ ਰਾਜੇਸ਼ ਸਿੰਗਲਾ ਨੇ ਆੜ੍ਹਤੀਆਂ ਨੂੰ ਅਲਾਟ ਪਲਾਟਾਂ ਤੇ ਵਾਧੂ ਖਰਚੇ ਲਾਏ ਜਾਣ ਦੀ ਸਮੱਸਿਆ ਵਾਰੇ ਜਾਣੂ ਕਰਵਾਇਆ ਅਤੇ ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਯਾਦ ਦਵਾਇਆ ਕਿ ਆੜਤੀਆ ਦੀ ਮੁੱਖ ਮੰਗ 2.5ਫੀਸਦੀ ਆੜਤ ਜਿਹੜੀ ਕਿ ਬਹੁਤ ਹੀ ਦੇਰ ਤੋਂ ਲਟਕ ਦੀ ਆ ਰਹੀ ਹੈ। ਤੁਸੀ ਮੀਟਿੰਗ 'ਚ ਕਿਹਾ ਸੀ ਕਿ ਅਸੀਂ 30 ਸੰਤਬਰ ਤੋਂ ਬਾਅਦ ਆੜਤੀਆ ਨੂੰ 2.5 ਫੀਸਦੀ ਆੜਤ ਪੂਰੀ ਦੇਵਾਂਗੇ। ਉਨ੍ਹਾਂ ਨੇ ਭਗਵੰਤ ਸਿੰਘ ਮਾਨ ਨੂੰ ਬੇਨਤੀ ਕੀਤੀ ਕਿ ਇਸ ਵਾਰ ਸਾਡੇ ਖਾਤੇ ਵਿੱਚ 2.5 ਫੀਸਦੀ ਆੜਤ ਪੂਰੀ ਪਾਈ ਜਾਵੇ। ਇਸ ਮੌਕੇ ਭਗਵੰਤ ਸਿੰਘ ਮਾਨ ਨੇ ਆੜਤੀਆ ਨੂੰ ਭਰੋਸਾ ਦਿਵਾਇਆ ਕਿ ਆੜ੍ਹਤੀਆਂ ਦੀ ਹਰ ਸਮੱਸਿਆ ਨੂੰ ਪਹਿਲ ਦੇ ਅਧਾਰ ਉੱਤੇ ਹਲ ਕੀਤਾ ਜਾਵੇਗਾ। ਅਤੇ ਪੰਜਾਬ ਸਰਕਾਰ ਹਰ ਵਰਗ ਦੇ ਲੋਕਾਂ ਅਤੇ ਆੜਤੀਆਂ ਦੀ ਸਮੱਸਿਆ ਲਈ ਵਚਨਬੱਧ ਹੈ। ਇਸ ਮੌਕੇ ਡਿਪਟੀ ਕਮਿਸ਼ਨਰ ਡਾ.ਸੋਨਾ ਥਿੰਦ, ਹਲਕਾ ਵਿਧਾਇਕ ਰੁਪਿੰਦਰ ਸਿੰਘ ਹੈਪੀ, ਮੈਡਮ.ਮਿਨਾਸ਼ੀ ਡੀ.ਐਫ.ਸੀ, ਅਮਿਤ ਲੂਥਰਾ ਡੀ.ਐਮ ਪਨਸਪ, ਸੰਜੀਵ ਸ਼ਰਮਾ ਡੀ.ਐਮ ਮਾਰਕਫੈਡ, ਕੰਵਲਜੀਤ ਸਿੰਘ ਸੈਕਟਰੀ ਮਾਰਕਿਟ ਕਮੇਟੀ ਬੱਸੀ ਪਠਾਣਾ, ਸਾਧੂ ਰਾਮ ਭਟਮਾਜਰਾ ਜਿਲ੍ਹਾ ਪ੍ਰਧਾਨ ਆੜਤੀ,ਹਰਜੀਤ ਸਿੰਘ ਪ੍ਰਧਾਨ ਬੱਸੀ ਮੰਡੀ, ਕੌਂਸਲਰ ਰਾਜ ਕੁਮਾਰ ਪੂਰੀ, ਲਖਵੀਰ ਸਿੰਘ ਥਾਬਲਾ, ਵਿਸ਼ਾਲ ਗੁਪਤਾ ਆਦਿ ਹਾਜ਼ਰ ਸਨ।

# “ਤੰਬਾਕੂ ਮੁਕਤ ਜਵਾਨੀ ਮੁਹਿੰਮ” ਤਹਿਤ ਲੋਕਾਂ ਨੂੰ ਤੰਬਾਕੂ ਦੇ ਮਾੜੇ ਪ੍ਰਭਾਵਾਂ ਬਾਰੇ ਕੀਤਾ ਜਾ ਰਿਹਾ ਜਾਗਰੂਕ

## ਤੰਬਾਕੂ ਛੱਡੋ, ਜ਼ਿੰਦਗੀ ਜਿੱਤੋ - ਡਾ. ਅਮਨਦੀਪ



**ਅਮਰਗੜ੍ਹ/ਮਾਲੇਰਕੋਟਲਾ, 25 ਅਕਤੂਬਰ : ਰਾਜੇਸ਼ ਸ਼ਰਮਾ-** ਤੰਬਾਕੂ ਦੀ ਵਰਤੋਂ ਨੌਜਵਾਨ ਪੀੜ੍ਹੀ ਦੀ ਸਿਹਤ ਲਈ ਗੰਭੀਰ ਚੁਣੌਤੀ ਬਣੀ ਹੋਈ ਹੈ। ਇਸ ਦੇ ਮਾੜੇ ਪ੍ਰਭਾਵਾਂ ਤੋਂ ਲੋਕਾਂ ਨੂੰ ਜਾਗਰੂਕ ਕਰਨ ਲਈ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਵੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਵਿਭਾਗ ਵੱਲੋਂ “ਤੰਬਾਕੂ ਮੁਕਤ ਜਵਾਨੀ ਮੁਹਿੰਮ”ਸ਼ੁਰੂ ਕੀਤੀ ਗਈ ਹੈ। ਇਸੇ ਕੜੀ ਤਹਿਤ ਜਿਲ੍ਹੇ ਵਿੱਚ ਸਿਵਲ ਸਰਜਨ ਡਾ. ਸੰਜੇ ਗੋਇਲ ਦੀਆਂ ਹਦਾਇਤਾਂ ਅਨੁਸਾਰ ਲੋਕਾਂ ਨੂੰ ਜਾਗਰੂਕ ਕਰਨ ਦੇ ਨਾਲ ਨਾਲ ਤੰਬਾਕੂ ਐਕਟ ਦੀ ਉਲੰਘਣਾ ਕਰਨ ਵਾਲਿਆਂ ਦੇ ਚਲਾਨ ਕੱਟੇ ਜਾ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੀਨੀਅਰ ਮੈਡੀਕਲ ਅਫ਼ਸਰ ਡਾ. ਅਮਨਦੀਪ ਕੌਰ ਨੇ ਦੱਸਿਆ ਕਿ ਤੰਬਾਕੂਨੋਸ਼ੀ ਦੇ ਮਾੜੇ ਪ੍ਰਭਾਵਾ ਤੋਂ ਬਚਾਉਣ ਲਈ ਅਤੇ ਜਵਾਨੀ ਨੂੰ ਤੰਦਰੁਸਤ ਭਵਿੱਖ ਵੱਲ ਮੋੜਨ ਲਈ ਬਲਾਕ ਅਮਰਗੜ੍ਹ ਵਿੱਚ ਵੀ ਇਹ ਮੁਹਿੰਮ ਚਲਾਈ ਹੋਈ ਹੈ। ਇਸ ਮੁਹਿੰਮ ਤਹਿਤ ਲੋਕਾਂ ਨੂੰ ਪਿੰਡਾਂ ਦੀਆਂ ਸੱਥਾਂ ‘ਚ, ਸਕੂਲਾਂ ਅਤੇ ਕਾਲਜਾਂ ‘ਚ ਜਾ ਕੇ ਤੰਬਾਕੂਨੋਸ਼ੀ ਦੇ ਮਾੜੇ ਪ੍ਰਭਾਵਾਂ ਸੰਬੰਧੀ ਜਾਗਰੂਕ ਕੀਤਾ ਜਾਂਦਾ ਹੈ ਅਤੇ ਪੀੜਤ ਨੂੰ ਤੰਬਾਕੂ ਛੱਡਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਇਸ ਮੁਹਿੰਮ ਦਾ ਮੁੱਖ ਉਦੇਸ਼ ਨੌਜਵਾਨਾਂ ਵਿੱਚ ਤੰਬਾਕੂ ਦੇ ਨੁਕਸਾਨਾਂ ਬਾਰੇ ਜਾਗਰੂਕਤਾ ਪੈਦਾ ਕਰਨਾ, ਸਿੱਖਿਆ ਸੰਸਥਾਵਾਂ ਨੂੰ ਤੰਬਾਕੂ ਰਹਿਤ ਬਣਾਉਣਾ ਅਤੇ ਸਮਾਜ ਵਿੱਚ ਸਿਹਤਮੰਦ ਜੀਵਨਸ਼ੈਲੀ ਨੂੰ ਪ੍ਰੋਤਸਾਹਿਤ ਕਰਨਾ ਹੈ। ਬਲਾਕ ਐਜੂਕੇਟਰ ਰਣਬੀਰ ਸਿੰਘ ਢੰਡੇ ਨੇ ਦੱਸਿਆ ਕਿ ਮੁਹਿੰਮ ਦੌਰਾਨ ਬਲਾਕ ਦੇ ਸੁਪਰਵਾਈਜ਼ਰ ਪਰਮਜੀਤ ਸਿੰਘ, ਜਗਤਾਰ ਸਿੰਘ, ਅੰਮ੍ਰਿਤਪਾਲ ਸਿੰਘ ਅਤੇ ਕੁਲਵਿੰਦਰ ਸਿੰਘ ਦੀ ਅਗਵਾਈ ਹੇਠ ਟੀਮਾਂ ਵੱਲੋਂ ਕੋਟਪਾ (ਸਿਗਰਟ ਅਤੇ ਹੋਰ ਤੰਬਾਕੂ ਉਤਪਾਦ) ਐਕਟ 2003 ਦੀ ਉਲੰਘਣਾ ਕਰਨ ਵਾਲੇ ਦੁਕਾਨਦਾਰਾਂ ਦੇ ਚਲਾਣ ਕੱਟੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਜੇਕਰ ਜਵਾਨੀ ਤੰਬਾਕੂ ਤੋਂ ਮੁਕਤ ਰਹੇਗੀ, ਤਾਂ ਉਨ੍ਹਾਂ ਦਾ ਭਵਿੱਖ ਸਿਹਤਮੰਦ ਤੇ ਖੁਸ਼ਹਾਲ ਹੋਵੇਗਾ। ਇਸ ਮੌਕੇ ਟੀਮ ਮੈਂਬਰ ਕੁਲਦੀਪ ਸਿੰਘ, ਨਿਰਮਲ ਸਿੰਘ, ਹਰਜਿੰਦਰ ਸਿੰਘ ਤੇ ਬੂਟਾ ਖਾਨ ਹਾਜ਼ਰ ਸਨ।

# ਸੀ.ਆਈ.ਆਈ.ਸੀ. ਵਿਦਿਆਰਥੀਆਂ ਲਈ ਲੈ ਕੇ ਆਇਆ ਹੈ ਇੱਕ ਹੋਰ ਮੌਕਾ : ਵਾਸੂ ਸ਼ਰਮਾ



**ਕੋਟਕਪੂਰਾ, 25 ਅਕਤੂਬਰ (ਟਿੰਕੂ ਕੁਮਾਰ)** :- ਕੋਟਕਪੂਰਾ ਵਿੱਚ ਸ੍ਰੀ ਮੁਕਤਸਰ ਸਾਹਿਬ ਰੇਲਵੇ ਅੰਡਰਬ੍ਰਿਜ ਦੇ ਨੇੜੇ ਸਥਿਤ ਚੰਡੀਗੜ੍ਹ ਆਈਲੈਟਸ ਅਤੇ ਇਮੀਗ੍ਰੇਸ਼ਨ (ਸੀ.ਆਈ.ਆਈ.ਸੀ.) ਦੇ ਚੇਅਰਮੈਨ ਵਾਸੂ ਸ਼ਰਮਾ ਨੇ ਕਿਹਾ ਕਿ ਸੀ.ਆਈ. ਆਈ. ਸੀ. ਵਿਦਿਆਰਥੀਆਂ ਲਈ ਇੱਕ ਵਧੀਆ ਮੌਕਾ ਲੈ ਕੇ ਆਇਆ ਹੈ। ਉਨ੍ਹਾਂ ਕਿਹਾ ਕਿ ਜਿਹੜੇ ਵਿਦਿਆਰਥੀ ਆਈਲਟਸ ਅਤੇ ਪੀ.ਟੀ.ਈ. ਲੈ ਕੇ ਵਿਦੇਸ਼ ਜਾਣ ਦੇ ਆਪਣੇ ਸੁਪਨਿਆਂ ਨੂੰ ਪੂਰਾ ਕਰਨਾ ਚਾਹੁੰਦੇ ਹਨ, ਸੀ.ਆਈ.ਆਈ.ਸੀ. ਕੋਟਕਪੂਰਾ ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰੇਗਾ। ਉਨ੍ਹਾਂ ਐਲਾਨ ਕੀਤਾ ਕਿ ਵਿਦਿਆਰਥੀਆਂ ਨੂੰ ਇੱਕ ਮਹੀਨੇ ਦੀਆਂ ਮੁਫ਼ਤ ਕਲਾਸਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ, ਜਿਸ ਵਿੱਚ ਦੋ ਦਿਨਾਂ ਦਾ ਮੁਫ਼ਤ ਡੈਮੋ ਵੀ ਸ਼ਾਮਲ ਹੈ। ਉਨ੍ਹਾਂ ਅੱਜ ਹੀ ਸੀ.ਆਈ.ਆਈ.ਸੀ. ਕੋਟਕਪੂਰਾ ਵਿੱਚ ਦਾਖਲਾ ਲੈਣ ਅਤੇ ਇਸ ਮੌਕੇ ਦਾ ਫਾਇਦਾ ਉਠਾਉਣ ਦੀ ਅਪੀਲ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੈਂਟਰ ਦੀ ਡਾਇਰੈਕਟਰ ਮੈਡਮ ਰਕਸ਼ੰਦਾ ਸ਼ਰਮਾ ਅਤੇ ਹੋਰ ਸਟਾਫ਼ ਮੈਂਬਰ ਵੀ ਹਾਜ਼ਰ ਸਨ।

# ਪ੍ਰਸ਼ਾਸਨ ਸੋ ਰਿਹਾ ਹੈ ਕੁੰਭਕਰਨ ਦੀ ਨੀਂਦ ਤੇ ਆਮ ਲੋਕ ਹੋ ਰਹੇ ਹਨ ਪ੍ਰੇਸ਼ਾਨ - ਹਾਜੀ ਬਿੱਟੂ ਚੋਹਾਨ



**ਮਾਲੇਰਕੋਟਲਾ 25 ਅਕਤੂਬਰ: (ਰਾਜੇਸ਼ ਸ਼ਰਮਾ)** ਕੱਲ ਸ਼ੁੱਕਰਵਾਰ ਵਾਲੇ ਦਿਨ ਰਾਏਕੋਟ ਰੋਡ ਮਾਲੇਰਕੋਟਲਾ ਵਿਖੇ ਦੁਕਾਨਦਾਰ ਅਤੇ ਆਮ ਲੋਕਾਂ ਨੇ ਦੱਸਿਆ ਕਿ ਕਿਵੇਂ ਹਰ ਰੋਜ਼ ਇਹ ਟੁੱਟੀ ਹੋਈ ਸੜਕ ਕਾਰਨ ਐਕਸੀਡੈਂਟ ਹੋ ਰਹੇ ਹਨ। ਕਈ ਵਾਰ ਇਥੇ ਬੇਟਰੀ ਵਾਲੇ ਈ-ਰਿਕਸਾ ਸਵਾਰੀਆਂ ਸਮੇਤ ਪਲਟ ਚੁੱਕੇ ਹਨ। ਇਸ ਰੋਡ ਦਾ ਸਾਰਾ ਸੀਵਰੇਜ ਵੀ ਬੰਦ ਪਿਆ ਹੈ ਜਿਸ ਕਰਕੇ ਸਾਰੇ ਘਰਾਂ ਵਾਲੇ ਗੰਦੇ ਪਾਣੀ ਦੀ ਨਿਕਾਸੀ ਤੋਂ ਵੀ ਪ੍ਰੇਸ਼ਾਨ ਹਨ। ਇਸ ਮੌਕੇ ਅਕਾਲੀ ਦਲ ਵਾਰਿਸ ਪੰਜਾਬ ਦੇ ਸੀਨੀਅਰ ਆਗੂ ਹਾਜੀ ਅਨਵਾਰ ਅਹਿਮਦ ਬਿੱਟੂ ਚੋਹਾਨ ਅਤੇ ਇਕੱਠੇ ਹੋਏ ਲੋਕਾਂ ਦਾ ਕਹਿਣਾ ਹੈ ਇਥੋਂ ਦਾ ਐਮਐਲਏ , ਮਿਉਂਸਪਲ ਕਮੇਟੀ ਦਾ ਪ੍ਰਧਾਨ ਅਤੇ ਪ੍ਰਸ਼ਾਸਨ ਸਭ ਮਿਲ ਜੁਲ ਕੇ ਕੁੰਭਕਰਨੀ ਨੀਂਦ ਸੁੱਤੇ ਪਏ ਹਨ। ਇਸ ਮੌਕੇ ਅਕਾਲੀ ਦਲ ਵਾਰਿਸ ਪੰਜਾਬ ਦੇ ਸੀਨੀਅਰ ਆਗੂ ਹਾਜੀ ਬਿੱਟੂ ਚੋਹਾਨ ਨੇ ਕਿਹਾ ਕਿ ਅਸੀਂ ਸਾਰੇ ਇਕੱਠੇ ਹੋ ਕੇ ਪਹਿਲਾਂ ਇਸ ਸੜਕ ਦੀ ਜਾਂਚ ਕਰਵਾਵਾਂਗੇ ਕਿ ਕਿਵੇਂ ਇਹ ਸੜਕ ਅਪਣੀ ਮਿਆਦ ਤੋਂ ਪਹਿਲਾਂ ਟੁੱਟ ਗਈ ਅਤੇ ਨਾਲ ਹੀ ਇਨ੍ਹਾਂ ਸਾਰੇ ਕੁੰਭਕਰਨੇਆਂ ਦੀ ਸ਼ਿਕਾਇਤ ਲੈ ਕੇ ਡੀ ਸੀ ਦਫਤਰ ਜਾਵੇਂਗੇ ਅਗਰ ਫਿਰ ਵੀ ਸਾਡੀ ਸੁਣਵਾਈ ਨਹੀਂ ਹੋਈ ਤਾਂ ਅਸੀਂ ਇਸ ਸੜਕ ਤੇ ਅਨਮਿਥੇ ਸਮੇਂ ਲਈ ਧਰਨਾ ਲਗਾਵਾਂਗੇ।

# ਗੁਰੂ ਨਾਨਕ ਨੈਸ਼ਨਲ ਕਾਲਜ ਵਿਖੇ ਸੱਤ ਰੋਜ਼ਾ ਐਨ. ਐਸ. ਐਸ. ਕੈਂਪ ਦਾ ਆਗਾਜ਼ ਹੋਇਆ






**ਦੋਰਾਹਾ 25 ਅਕਤੂਬਰ (ਗੁਰਵੀਰ ਸਿੰਘ ਮਾਂਗਟ)** ਗੁਰੂ ਨਾਨਕ ਨੈਸ਼ਨਲ ਕਾਲਜ, ਦੋਰਾਹਾ ਵਿਖੇ ਸੱਤ-ਰੋਜ਼ਾ ਐਨ. ਐਸ. ਐਸ. ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਸੱਤ-ਰੋਜ਼ਾ ਕੈਂਪ ਵਿੱਚ 150 ਲੜਕਿਆਂ ਅਤੇ ਲੜਕੀਆਂ ਨੇ ਵਾਲੰਟੀਅਰ ਦੇ ਤੌਰ ’ਤੇ ਹਿੱਸਾ ਲਿਆ। ਕੈਂਪ ਦੇ ਪਹਿਲੇ ਦਿਨ ਕਾਲਜ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਸ. ਹਰਪ੍ਰਤਾਪ ਸਿੰਘ ਬਰਾੜ ਅਤੇ ਐਗਜ਼ੀਕਿਊਟਿਵ ਮੈਂਬਰ ਰੁਪਿੰਦਰ ਕੌਰ ਬਰਾੜ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕਰਦਿਆਂ ਵਾਲੰਟੀਅਰਾਂ ਦੀ ਹੌਸਲਾ-ਅਫ਼ਜ਼ਾਈ ਕੀਤੀ। ਕੈਂਪ ਦੇ ਆਰੰਭ ਵਿੱਚ ਮੁੱਖ ਮਹਿਮਾਨ, ਕਾਲਜ ਪ੍ਰਿੰਸੀਪਲ ਅਤੇ ਅਧਿਆਪਕ ਸਾਹਿਬਾਨ ਨੇ ਸ਼ਮ੍ਹਾ ਰੌਸ਼ਨ ਕਰਕੇ ਕੈਂਪ ਦਾ ਆਗਾਜ਼ ਕੀਤਾ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਸੰਬੋਧਨ ਕਰਦਿਆਂ ਵਾਲੰਟੀਅਰਾਂ ਨੂੰ ਸਮਾਜ ?ਸੇਵੀ ਗਤੀਵਿਧੀਆਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਆ। ਪ੍ਰੋਗਰਾਮ ਅਫ਼ਸਰ ਡਾ. ਲਵਲੀਨ ਬੈਂਸ ਨੇ ਕਾਲਜ ਦੇ ਐਨ. ਐਸ. ਐਸ ਯੂਨਿਟ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਪ੍ਰੋਗਰਾਮ ਅਫ਼ਸਰ ਪ੍ਰੋ. ਅਮਨਦੀਪ ਕੌਰ ਚੀਮਾ ਨੇ ਵਲੰਟਰੀਆਂ ਨੂੰ ਕੈਂਪ ਦੀ ਮਹੱਤਤਾ ਬਾਰੇ ਦੱਸਿਆ। ਅੰਤ ਵਿੱਚ ਪ੍ਰੋਗਰਾਮ ਅਫ਼ਸਰ ਡਾ. ਗੁਰਪ੍ਰੀਤ ਸਿੰਘ ਨੇ ਕਾਲਜ ਪ੍ਰਬੰਧਕੀ ਕਮੇਟੀ ਅਤੇ ਕਾਲਜ ਪ੍ਰਿੰਸੀਪਲ ਦੁਆਰਾ ਦਿੱਤੇ ਜਾਂਦੇ ਸਹਿਯੋਗ ਤੇ ਸਰਪ੍ਰਸਤੀ ਲਈ ਸਾਰਿਆਂ ਦਾ ਧੰਨਵਾਦ ਕੀਤਾ। ਕੈਂਪ ਦੇ ਪਹਿਲੇ ਦਿਨ ਪ੍ਰੋਗਰਾਮ ਅਫ਼ਸਰਾਂ ਦੀ ਨਿਗਰਾਨੀ ਹੇਠ ਵਾਲੰਟੀਅਰਾਂ ਨੇ ਜਾਗਰੂਕਤਾ ਰੈਲੀ ਦਾ ਆਯੋਸਜਨ ਕੀਤਾ। ਸ. ਹਰਪ੍ਰਤਾਪ ਸਿੰਘ ਬਰਾੜ, ਰੁਪਿੰਦਰ ਕੌਰ ਬਰਾੜ ਅਤੇ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਰੈਲੀ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਰੈਲੀ ਉਪਰੰਤ ਵਾਲੰਟੀਅਰਾਂ ਨੇ ਦੋਰਾਹਾ ਅਨਾਜ ਮੰਡੀ ਵਿੱਚ ਨੁੱਕੜ ਨਾਟਕ ਦੀ ਪੇਸ਼ਕਾਰੀ ਕਰਕੇ ਕਿਸਾਨਾਂ ਨੂੰ ਪਰਾਲ਼ੀ ਨੂੰ ਸਾੜਨ ਦੇ ਨੁਕਸਾਨਾਂ ਬਾਰੇ ਜਾਗਰੂਕ ਕੀਤਾ ਅਤੇ ਪਰਾਲ਼ੀ ਨੂੰ ਅੱਗ ਨਾ ਲਗਾਉਣ ਲਈ ਪ੍ਰੇਰਿਆ। ਇਸ ਮੌਕੇ ਕਾਮਰਸ ਵਿਭਾਗ ਦੇ ਮੁਖੀ ਤੇ ਵਾਈਸ ?ਪ੍ਰਿੰਸੀਪਲ ਪ੍ਰੋ. ਰਣਜੀਤ ਕੌਰ ਉਚੇਚੇ ਤੌਰ ’ਤੇ ਹਾਜ਼ਰ ਸਨ। ਇਸ ਕੈਂਪ ਦੇ ਆਯੋਜਨ ਵਿੱਚ ਪ੍ਰੋ. ਗੁਰਪ੍ਰੀਤ ਕੌਰ (ਕਾਮਰਸ) ਅਤੇ ਪ੍ਰੋ. ਰੋਹਿਤ ਕੁਮਾਰ ਨੇ ਬਤੌਰ ਨਾਨ ਸਟੂਡੈਂਟ ਵਾਲੰਟੀਅਰ ਯੋਗਦਾਨ ਪਾਇਆ। ਇਸ ਸੱਤ-ਰੋਜ਼ਾ ਕੈਂਪ ਦੇ ਆਰੰਭ ਹੋਣ ’ਤੇ ਕਾਲਜ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਸ. ਹਰਪ੍ਰਤਾਪ ਸਿੰਘ ਬਰਾੜ, ਐਗਜ਼ੀਕਿਊਟਿਵ ਮੈਂਬਰ ਰੁਪਿੰਦਰ ਕੌਰ ਬਰਾੜ, ਅਹੁਦੇਦਾਰਾਂ, ਮੈਂਬਰ ਸਾਹਿਬਾਨ ਅਤੇ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਕੈਂਪ ਦੇ ਸਫ਼ਲਤਾਪੂਰਵਕ ਸੰਪੂਰਨ ਹੋਣ ਦੀ ਕਾਮਨਾ ਕਰਦਿਆਂ ਵਾਲੰਟੀਅਰਾਂ ਅਤੇ ਸੰਬੰਧਿਤ ਪ੍ਰਾਧਿਆਪਕਾਂ ਨੂੰ ਮੁਬਾਰਕਬਾਦ ਦਿੱਤੀ।

# ‘ਆਪ’ ਸਰਕਾਰ ਜੀ. ਐਸ. ਟੀ. ਦਰਾਂ ਘਟਣ ਦਾ ਲੋਕਾਂ ਨੂੰ ਨਹੀਂ ਦੇ ਰਹੀ ਲਾਭ : ਰਾਜੇਸ਼ ਬਾਂਸਲ ਬੱਬੂ

**ਨਾਭਾ, 25 ਅਕਤੂਬਰ (ਤਰੁਣ ਮਹਿਤਾ)** ਭਾਜਪਾ ਦੇ ਸੀਨੀਅਰ ਆਗੂ ਰਾਜੇਸ਼ ਬੱਬੂ ਬਾਂਸਲ ਨੇ ਮੌਜੂਦਾ ‘ਆਪ’ ਸਰਕਾਰ ’ਤੇ ਜੀ.ਐਸ.ਟੀ ਦੀਆਂ ਦਰਾਂ ਘੱਟ ਹੋਣ ਦਾ ਲੋਕਾਂ ਨੂੰ ਲਾਭ ਨਾ ਦੇਣ ਦੇ ਦੋਸ਼ ਲਾਏ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਦੀ ਕੇਂਦਰ ਸਰਕਾਰ ‘ਸਭ ਦਾ ਸਾਥ, ਸਭ ਦਾ ਵਿਕਾਸ’ ਦੀ ਵਿਚਾਰਧਾਰਾ ਨਾਲ ਅੱਗੇ ਵਧ ਰਹੀ ਹੈ। ਰਾਜੇਸ਼



ਬਾਂਸਲ ਬੱਬੂ ਨੇ ਕਿਹਾ ਕਿ ਕੇਂਦਰ ਸਰਕਾਰ ਹਰ ਉਸ ਮਸਲੇ ’ਤੇ ਗੰਭੀਰ ਹੈ, ਜਿਸ ਦਾ ਸਿੱਧਾ ਸਰੋਕਾਰ ਆਮ ਲੋਕਾਂ ਨਾਲ ਹੁੰਦਾ ਹੈ। ਮੁੱਢਲੀਆਂ ਤੇ ਰੋਜ਼ਮਰਾ ਦੀਆਂ ਲੋੜਾਂ ਵਾਲੀਆਂ ਵਸਤੂਆਂ ’ਤੇ ਕੇਂਦਰ ਸਰਕਾਰ ਨੇ ਜੀ.ਐਸ.ਟੀ ਦੀਆਂ ਦਰਾਂ ਵਿਚ ਇਤਿਹਾਸਿਕ ਤਬਦੀਲੀ ਕੀਤੀ ਸੀ। ਖਾਸ ਤੌਰ ’ਤੇ ਕਿਸਾਨੀ ਅਤੇ ਡੇਅਰੀ ਉਤਪਾਦਾਂ ’ਤੇ ਜੀ.ਐਸ.ਟੀ ਦੀ ਦਰ ਘੱਟ ਕਰ ਦਿੱਤੀ ਸੀ। ਡੇਅਰੀ ਉਤਪਾਦ ’ਤੇ ਜੀ.ਐਸ.ਟੀ ਘੱਟ ਹੋਣ ਨਾਲ ਆਮ ਲੋਕਾਂ ਨੂੰ ਸਿੱਧਾ ਲਾਭ ਮਿਲਣਾ ਸੀ ਇਸ ਨਾਲ ਪੈਕਟ ਵਾਲਾ ਦੁੱਧ ਦਹੀਂ ਅਤੇ ਘਿਓ ਤੋਂ ਇਲਾਵਾ ਸਾਰੇ ਡੇਰੀ ਉਤਪਾਦ ਘੱਟ ਕੀਮਤ ’ਤੇ ਮਿਲਣੇ ਸਨ ਪਰ ਪੰਜਾਬ ਚ ਵੇਰਕਾ ਤੇ ਹੋਰ ਵੀ ਕਈ ਉਤਪਾਦਾਂ ’ਤੇ ਜੀ.ਐਸ.ਟੀ ਦੀਆਂ ਤਰਾਂ ਘੱਟ ਹੋਣ ਤੋਂ ਬਾਅਦ ਕੀਮਤਾਂ ਵਧਾ ਦਿੱਤੀਆਂ ਹਨ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਕੇਂਦਰ ਵੱਲੋਂ ਜੀ.ਐਸ.ਟੀ ਦੀਆਂ ਦਰਾਂ ਦੇ ਘੱਟ ਕੀਤੇ ਜਾਣ ਦਾ ਸਿੱਧਾ ਲਾਭ ਲੋਕਾਂ ਨੂੰ ਦੇਵੇ । ਇਸ ਮੌਕੇ ਗੌਰਵ ਜਲੋਟਾ, ਯੁਵਾ ਮੋਰਚਾ ਆਗੂ ਰਿਸ਼ੂ ਵਰਮਾ ਹਾਜ਼ਰ ਸਨ।

# ਰੂਪ ਚੰਦ ਰੋਡ ’ਤੇ ਸਥਿਤ ਇੱਕ ਕਲੀਨਿਕ ’ਤੋਂ ਦਵਾਈ ਲੈਣ ਆਏ ਮਰੀਜ ਦਾ ਮੋਟਰਸਾਇਕਲ ਚੋਰੀ



**ਤਪਾ ਮੰਡੀ,25 ਅਕਤੂਬਰ (ਬੰਟੀ ਦੀਕਸ਼ਿਤ)**- ਰੂਪ ਚੰਦ ਰੋਡ ‘ਤੇ ਸਥਿਤ ਇੱਕ ਕਲੀਨਿਕ ‘ਚੋਂ ਦਵਾਈ ਲੈਣ ਆਏ ਮਰੀਜ ਦਾ ਮੋਟਰਸਾਇਕਲ ਚੋਰੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ ।ਇਸ ਸੰਬੰਧੀ ਮੋਟਰਸਾਇਕਲ ਦੇ ਮਾਲਕ ਜਸਵੰਤ ਸਿੰਘ ਪੁੱਤਰ ਰੇਸ਼ਮ ਸਿੰਘ ਵਾਸੀ ਢਿਲਵਾਂ ਰੂਪ ਚੰਦ ਰੋਡ ਸਥਿਤ ਇੱਕ ਪ੍ਰਾਈਵੇਟ ਡਾਕਟਰ ਪਾਸੋਂ ਦਵਾਈ ਲੈਣ ਲਈ ਸ਼ਾਮ 3-4 ਵਜੇ ਦੇ ਕਰੀਬ ਮੋਟਰਸਾਇਕਲ ਤੇ ਆਇਆ ਸੀ,ਜਦ ਉਸ ਨੂੰ ਡਾਕਟਰ ਕੋਲ ਚੈਕਅਪ ਕਰਵਾਉਣ ਸਮੇਂ ਕੁਝ ਸਮਾਂ ਲੱਗ ਗਿਆ,ਜਦ ਉਹ ਅਪਣੇ ਮੋਟਰਸਾਇਕਲ ਤੇ ਸਵਾਰ ਹੋਕੇ ਜਾਣ ਲਈ ਗਿਆ ਤਾਂ ਜਿਥੇ ਉਸ ਨੇ ਖੜ੍ਹਾ ਕੀਤਾ ਸੀ ਦੇਖਿਆ ਗਾਇਬ ਸੀ ।ਪੀੜਤ ਮਰੀਜ ਨੇ ਪਹਿਲਾਂ ਡਾਕਟਰ ਪਾਸ ਜਾ ਕੇ ਲੱਗੇ ਕੈਮਰਿਆਂ ਵਿੱਚੋਂ ਚੈਂਕ ਕਰਵਾਇਆ ਪਰ ਕੁਝ ਨਾ ਪਤਾ ਲੱਗਾ ਤਾਂ ਉਸ ਨੇ ਇਰਦ-ਗਿਰਦ ਭਾਲ ਕੀਤੀ ਪਰ ਨਾ ਮਿਲਿਆਂ ਤਾਂ ਇਸ ਦੀ ਸੂਚਨਾ ਪੁਲਸ ਚੌਂਕੀ ਤਪਾ ਨੂੰ ਦਿੱਤੀ। ਪੁਲਿਸ ਨੇ ਸ਼ਿਕਾਇਤ ਦੇ ਆਧਾਰ ਤੇ ਸੀ.ਸੀ.ਟੀ ਵੀ ਕੈਮਰੇ ਖੰਘਾਲਣੇ ਸ਼ੁਰੂ ਕਰ ਦਿੱਤੇ ਗਏ ਹਨ।

# ਮਨ ਦੀ ਸ਼ੁੱਧੀ ਸਤਸੰਗ ਅਤੇ ਸਾਧਨਾ ਰਾਹੀਂ ਹੁੰਦੀ ਹੈ: ਸ਼੍ਰੀ ਵਰੁਣ ਮੁਨੀ ਜੀ



**ਮਾਨਸਾ, 25 ਅਕਤੂਬਰ (ਸੰਦੀਪ ਤਾਇਲ)** -ਸ਼੍ਰੀ ਗੁਜਰਾਤੀ ਜੈਨ ਸੰਘ ਗਾਂਧੀਨਗਰ ਬੰਗਲੌਰ ਵਿਖੇ ਚਤੁਰਮਾਸ ਲਈ ਬਿਰਾਜਮਾਨ ਦੱਖਣ ਸੂਰਿਆ ਡਾ. ਸ਼੍ਰੀ ਵਰੁਣ ਮੁਨੀ ਜੀ ਮਹਾਰਾਜ ਨੇ ਆਪਣੇ ਉਪਦੇਸ਼ ਵਿੱਚ ਕਿਹਾ ਕਿ ਧਰਮ ਸਥਾਨਕ ਦਾ ਸਾਰ ਇਹ ਹੈ ਕਿ ਧਰਮ ਦਿਲ ਵਿੱਚ ਰਹਿੰਦਾ ਹੈ। ਦੌਲਤ, ਗਿਆਨ, ਜਾਇਦਾਦ, ਸੁੰਦਰਤਾ ਅਤੇ ਰੁਤਬਾ - ਧਰਮ ਇਨ੍ਹਾਂ ਸਭ ਤੋਂ ਉੱਪਰ ਹੈ। ਉਨ੍ਹਾਂ ਕਿਹਾ ਕਿ ਮੁਆਫ਼ੀ ਅਤੇ ਸੱਚਾਈ ਤੋਂ ਉੱਪਰ ਕੋਈ ਧਰਮ ਨਹੀਂ ਹੈ। ਧਾਰਮਿਕ ਭਰਾਵਾਂ ਅਤੇ ਭੈਣਾਂ ਵਿੱਚ ਜਾਗਰੂਕਤਾ ਵਧਾਉਂਦੇ ਹੋਏ ਉਨ੍ਹਾਂ ਕਿਹਾ ਕਿ ਇਕ ਇਮਾਰਤ ਸਿਰਫ਼ ਇੱਕ ਡਾਇਨਿੰਗ ਹਾਲ ਨਹੀਂ ਹੋਣੀ ਚਾਹੀਦੀ। ਧਰਮ ਸਥਾਨ ਦਾ ਅਰਥ ਹੈ ਇੱਕ ਅਜਿਹੀ ਜਗਾ ਜਿੱਥੇ ਅਧਿਆਤਮਿਕ ਅਭਿਆਸ ਹੁੰਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਸਤਸੰਗ ਅਤੇ ਸਾਧਨਾ ਮਨ ਨੂੰ ਸ਼ੁੱਧ ਕਰਦੀਆਂ ਹਨ। ਮੁਨੀ ਜੀ ਨੇ ਕਿਹਾ ਕਿ ਧਰਮ ਸਿਰਫ਼ ਧਰਮ ਸਥਾਨਕ ਤੱਕ ਸੀਮਤ ਨਹੀਂ ਹੈ, ਸਗੋਂ ਹਰ ਜਗਾ ਮੌਜੂਦ ਹੈ। ਸਤਿਸੰਗ ਵਿੱਚ ਸਮਾਂ ਬਿਤਾਉਣ ਨਾਲ ਜੀਵਨ ਵਿੱਚ ਤੰਦਰੁਸਤੀ ਆਉਂਦੀ ਹੈ, ਪਰ ਜੇਕਰ ਜੀਵਨ ਦੁਨਿਆਵੀ ਕੰਮਾਂ ਵਿੱਚ ਬਿਤਾਇਆ ਜਾਵੇ, ਪੈਸਾ ਸੁੱਖਾਂ ਵਿੱਚ ਬਿਤਾਇਆ ਜਾਵੇ, ਅਤੇ ਸਮਾਂ ਬੁਰੀ ਸੰਗਤ ਵਿੱਚ ਬਿਤਾਇਆ ਜਾਵੇ, ਤਾਂ ਜੀਵਨ ਬਰਬਾਦ ਹੁੰਦਾ ਹੈ। ਇਸ ਲਈ, ਜਵਾਨੀ, ਦੌਲਤ ਅਤੇ ਸਮੇਂ ਦੀ ਚੰਗੀ ਵਰਤੋਂ ਕਰਕੇ ਜੀਵਨ ਨੂੰ ਸਫਲ ਬਣਾਇਆ ਜਾ ਸਕਦਾ ਹੈ। ਜਿਸ ਤਰ੍ਹਾਂ ਕੱਪੜੇ ਧੋਣ ਵਾਲੀ ਮਸ਼ੀਨ ਵਿੱਚ ਸਾਫ਼ ਕੀਤੇ ਜਾਂਦੇ ਹਨ, ਉਸੇ ਤਰ੍ਹਾਂ ਸਤਿਸੰਗ ਜੀਵਨ ਨੂੰ ਸ਼ੁੱਧ ਕਰਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਦੁੱਖ ਤੋਂ ਮੁਕਤੀ ਚਾਹੁੰਦਾ ਹੈ, ਤਾਂ ਧਰਮ ਦਾ ਸ਼ਰਨ ਲੈਣਾ ਚਾਹੀਦਾ ਹੈ। ਧਰਮ ਆਤਮਾ ਦਾ ਮਾਮਲਾ ਹੈ; ਜਦੋਂ ਤੱਕ ਧਰਮ ਦਿਲ ਵਿੱਚ ਨਹੀਂ ਵਸਦਾ, ਉਦੋਂ ਤੱਕ ਕੋਈ ਭਲਾਈ ਨਹੀਂ ਹੋਵੇਗੀ। ਦਾਨ ਇੱਛਾ ਦੁਆਰਾ ਨਹੀਂ ਚਲਾਇਆ ਜਾਣਾ ਚਾਹੀਦਾ, ਕਿਉਂਕਿ ਇੱਛਾ ਨਤੀਜੇ ਨੂੰ ਘਟਾਉਂਦੀ ਹੈ। ਉਨ੍ਹਾਂ ਕਿਹਾ ਕਿ ਅੱਜ, ਧਰਮ ਨੂੰ ਅਪਣਾਉਣ ਦੀ ਬਜਾਏ, ਲੋਕ ਸਿਰਫ਼ ਦਿਖਾਵਾ ਕਰ ਰਹੇ ਹਨ। ਧਰਮ ਪੱਗ ਵਾਂਗ ਹੈ ਅਤੇ ਦੌਲਤ ਜੁੱਤੀਆਂ ਵਾਂਗ ਹੈ, ਪਰ ਅੱਜ, ਮਨੁੱਖਾਂ ਨੇ ਇਸਦੇ ਉਲਟ ਕੀਤਾ ਹੈ - ਉਨ੍ਹਾਂ ਨੇ ਆਪਣੇ ਸਿਰ ’ਤੇ ਦੌਲਤ ਰੱਖੀ ਹੈ ਅਤੇ ਧਰਮ ਨੂੰ ਬੇਕਾਰ ਸਮਝਿਆ ਹੈ। ਪਰ ਜੇਕਰ ਧਰਮ ਨੂੰ ਸੱਚੇ ਦਿਲ ਨਾਲ ਅਭਿਆਸ ਕੀਤਾ ਜਾਵੇ, ਤਾਂ ਆਤਮਾ ਧੰਨ ਹੁੰਦੀ ਹੈ। ਮਧੁਰ ਵਕਤਾ ਰੂਪੇਸ਼ ਮੁਨੀ ਜੀ ਮਹਾਰਾਜ ਨੇ ਇੱਕ ਸੁਰੀਲਾ ਭਜਨ ਪੇਸ਼ ਕੀਤਾ, ਜਿਸਨੇ ਸਾਰੇ ਸਰੋਤਿਆਂ ਨੂੰ ਸ਼ਰਧਾ ਦੀ ਭਾਵਨਾ ਵਿੱਚ ਡੁੱਬਾ ਦਿੱਤਾ। ਅੰਤ ਵਿੱਚ ਉਪ-ਪ੍ਰਵਰਤਕ ਸ਼੍ਰੀ ਪੰਕਜ ਮੁਨੀ ਜੀ ਮਹਾਰਾਜ ਨੇ ਮੰਗਲ ਪਾਠ ਨਾਲ ਸਭਾ ਦੀ ਸਮਾਪਤੀ ਕੀਤੀ।

# ਪੀ.ਐੱਮ. ਸ਼੍ਰੀ ਸਸਸਸ ਤਪਾ (ਲੜਕੇ) ਵਿਖੇ ਦੋ ਰੋਜ਼ਾ ਵਿੱਦਿਅਕ ਮੇਲੇ ਸੰਪੰਨ, ਮੇਲੇ ਦੇ ਦੂਜੇ ਦਿਨ ਅੰਗਰੇਜ਼ੀ, ਸਮਾਜਿਕ ਸਿੱਖਿਆ ਤੇ ਸਾਇੰਸ ਦੇ ਮਾਡਲ ਪ੍ਰਦਰਸ਼ਿਤ ਕੀਤੇ ਗਏ





**ਤਪਾ ਮੰਡੀ, 25 ਅਕਤੂਬਰ (ਮੇਸ਼ੀ ਤਪਾ, ਬੰਟੀ ਦੀਕਸ਼ਿਤ, ਅਰੁਣ ਗੋਇਲ)** ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ ਵੱਲੋਂ ਸਕੂਲਾਂ ਵਿੱਚ ਸਬਜੈਕਟ ਫੇਅਰ ਕਰਵਾਉਣ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਸਿੱਖਿਆ ਅਫ਼ਸਰ ਸ਼੍ਰੀ ਸੁਨੀਤਇੰਦਰ ਸਿੰਘ ਜੀ ਦੀ ਰਹਿਨੁਮਾਈ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸ਼੍ਰੀ ਬਰਜਿੰਦਰਪਾਲ ਸਿੰਘ ਜੀ ਦੇ ਦਿਸ਼ਾ ਨਿਰਦੇਸ਼,ਪ੍ਰਿੰਸੀਪਲ ਸ਼੍ਰੀ ਅਨਿਲ ਕੁਮਾਰ ਮੋਦੀ ਜੀ ਦੀ ਦੇਖ-ਰੇਖ ਅਤੇ ਇੰਚਾਰਜ ਪ੍ਰਿੰਸੀਪਲ ਸ਼੍ਰੀ ਤਲਵਿੰਦਰ ਸਿੰਘ ਸਿੱਧੂ ਜੀ ਦੀ ਨਿਗਰਾਨੀ ਹੇਠ ਪੀ.ਐੱਮ. ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤਪਾ (ਲੜਕੇ) ਵਿਖੇ ਦੋ ਰੋਜ਼ਾ ਵਿੱਦਿਅਕ ਮੇਲਿਆ ਦਾ ਆਯੋਜਨ ਕੀਤਾ ਗਿਆ। ਦੋ ਰੋਜ਼ਾ ਮੇਲੇ ਦੇ ਪਹਿਲੇ ਦਿਨ ਵਿਦਿਆਰਥੀਆਂ ਵਲੋਂ ਵਿਗਿਆਨ,ਗਣਿਤ ਤੇ ਆਰਟਸ ਵਿਸ਼ਿਆਂ ਦੇ ਪ੍ਰੋਜੈਕਟ,ਮਾਡਲ ਤੇ ਚਾਰਟ ਪ੍ਰਦਰਸ਼ਿਤ ਕੀਤੇ ਗਏ। ਮੇਲੇ ਦੇ ਦੂਜੇ ਦਿਨ ਵਿਦਿਆਰਥੀਆਂ ਵੱਲੋਂ ਅੰਗਰੇਜ਼ੀ,ਸਮਾਜਿਕ ਵਿਗਿਆਨ ਤੇ ਸਾਇੰਸ ਨਾਲ ਸੰਬੰਧਿਤ ਮਾਡਲ,ਚਾਰਟ ਤੇ ਪ੍ਰੋਜੈਕਟ ਪੇਸ਼ ਕਰਕੇ ਆਪਣੀ ਪ੍ਰਤਿਭਾ ਤੇ ਰਚਨਾਤਮਕਤਾ ਦਾ ਪ੍ਰਗਟਾਵਾ ਕੀਤਾ ਗਿਆ। ਅੰਗਰੇਜ਼ੀ ਮੇਲੇ ਵਿੱਚ ਵਿਦਿਆਰਥੀਆਂ ਵਲੋਂ ਅੰਗ੍ਰੇਜ਼ੀ ਸਵਾਗਤੀ ਗੀਤ ਪੇਸ਼ ਕਰਕੇ ਉੱਪ ਜ਼ਿਲ੍ਹਾ ਅਫ਼ਸਰ ਸ਼੍ਰੀ ਬਰਜਿੰਦਰਪਾਲ ਸਿੰਘ ਜੀ ਦਾ ਸਵਾਗਤ ਕੀਤਾ ਗਿਆ। ਇਸ ਤੋਂ ਬਿਨਾਂ ਇੰਗਲਿਸ਼ ਪ੍ਰੇਅਰ, ਸ਼ੋਅ ਐਂਡ ਟੈੱਲ, ਜੰਬਲ ਅੱਪ ਵਰਡ,ਇੰਗਲਿਸ਼ ਹੈਲਪਰ ਪ੍ਰੋਗਰਾਮ ਤੇ ਗਰਾਮਰ ਦੇ ਮਾਡਲ ਪੇਸ਼ ਕੀਤੇ ਗਏ। ਸਮਾਜਿਕ ਵਿਗਿਆਨ ਦੇ ਮੇਲੇ ਵਿੱਚ ਵਿਦਿਆਰਥੀਆਂ ਵਲੋਂ ਭਾਰਤ ਦੇ ਰਾਜ ਤੇ ਰਾਜਧਾਨੀਆਂ,ਸੂਰਜ ਗ੍ਰਹਿਣ,ਭਾਰਤ ਦੀਆਂ ਮੁੱਖ ਫਸਲਾਂ,ਭਾਰਤ ਦੀਆਂ ਮਿੱਟੀਆਂ, ਭਾਰਤੀ ਸੰਸਦ ਆਦਿ ਦੇ ਮਾਡਲਾਂ ਨੂੰ ਖੂਬਸੂਰਤੀ ਨਾਲ ਤਿਆਰ ਕਰਕੇ ਪੇਸ਼ ਕੀਤਾ ਗਿਆ ਤੇ ਮੇਲੇ ਵਿੱਚ ਸ਼ਿਰਕਤ ਕਰਨ ਵਾਲਿਆਂ ਨਾਲ ਸਾਂਝਾ ਕੀਤਾ ਗਿਆ।ਸਮਾਜਿਕ ਵਿਗਿਆਨ ਮੇਲੇ ਵਿੱਚ ਚੋਣਾਂ ਦਾ ਦ੍ਰਿਸ਼ ਅਤੇ ਸੂਰਜ ਮੰਡਲ ਵਿੱਚ ਗ੍ਰਹਿਆਂ ਦੀ ਗਤੀਵਿਧੀ ਵਿਸ਼ੇਸ਼ ਖਿੱਚ ਦਾ ਕੇਂਦਰ ਰਹੀ। ਗਿਆਰ੍ਹਵੀਂ ਤੇ ਬਾਰ੍ਹਵੀਂ ਦੇ ਸਾਇੰਸ ਸਟਰੀਮ ਦੇ ਵਿਦਿਆਰਥੀਆਂ ਵਲੋਂ ਫੰਗਸ਼ਨਲ ਗਰੁੱਪ,ਸਟੇਟਸ ਆਫ ਮੈਟਰ,ਇਲੈਕਟਰੋਮੈਗਨੈਟਿਕ ਇਨਡਕਸ਼ਨ, ਮਨੁੱਖੀ ਦਿਲ ਦਾ ਕੰਮ, ਕੱਚ ਦੇ ਸਲੈਬ ਵਿੱਚੋਂ ਪ੍ਰਕਾਸ਼ ਦਾ ਅਪਵਰਤਨ, ਫੁੱਲਾਂ ਦੇ ਭਾਗ, ਹਾਈਬ੍ਰਿਡੀਕਰਨ ਆਦਿ ਦੇ ਮਾਡਲ ਤੇ ਚਾਰਟ ਪੇਸ਼ ਕੀਤੇ ਗਏ। ਇਸ ਮੌਕੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਸ਼੍ਰੀ ਬਰਜਿੰਦਰਪਾਲ ਸਿੰਘ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ਉਹਨਾਂ ਵਿਦਿਆਰਥੀਆਂ ਵੱਲੋਂ ਤਿਆਰ ਕੀਤੇ ਗਏ ਚਾਰਟ,ਪ੍ਰੋਜੈਕਟ ਤੇ ਮਾਡਲਾਂ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਰਾਹੀਂ ਜਿੱਥੇ ਵਿਦਿਆਰਥੀਆਂ ਦੇ ਆਤਮ ਵਿਸ਼ਵਾਸ਼ ਵਿੱਚ ਵਾਧਾ ਹੁੰਦਾ ਹੈ ਉੱਥੇ ਆਪਣੀ ਪ੍ਰਤਿਭਾ ਦਾ ਪ੍ਰਗਟਾਵਾ ਕਰਨ ਦਾ ਵੀ ਵਧੀਆ ਮੌਕਾ ਮਿਲਦਾ ਹੈ। ਉਹਨਾਂ ਕਿਹਾ ਕਿ ਇਹਨਾਂ ਵਿੱਦਿਅਕ ਮੇਲਿਆਂ ਦੁਆਰਾ ਵਿਦਿਆਰਥੀਆਂ ਨੂੰ ਕਿਤਾਬੀ ਗਿਆਨ ਦੇ ਨਾਲ-ਨਾਲ ਪ੍ਰੈਕਟੀਕਲ ਗਿਆਨ ਤੇ ਹੱਥੀਂ ਕੰਮ ਕਰਨ ਦੀ ਪ੍ਰੇਰਨਾ ਵੀ ਮਿਲਦੀ ਹੈ। ਵਿਦਿਆਰਥੀ ਦੁਆਰਾ ਇਹਨਾਂ ਮੇਲਿਆਂ ਦੌਰਾਨ ਪ੍ਰਾਪਤ ਗਿਆਨ ਚਿਰ ਸਥਾਈ ਵੀ ਰਹਿੰਦਾ ਹੈ।

ਇਸ ਮੌਕੇ ਉਪਰੋਕਤ ਤੋਂ ਇਲਾਵਾ ਸਕੂਲ ਦੇ ਸਮੁੱਚੇ ਸਟਾਫ਼ ਮੈਂਬਰ ਮੌਜੂਦ ਸਨ।

## ਜਾਗਰੂਕ




ਮਾਲੇਰਕੋਟਲਾ ਪੁਲਿਸ (ਥਾਣਾ- ਸਾਈਬਰ ਕਰਾਇਮ) ਨੇ ਸਰਕਾਰੀ ਸੀਨੀਅਰ ਸੈਕੰਡਰੀ ਹਾਈ ਸਕੂਲ, ਹਿੰਮਤਾਨਾ ਵਿੱਚ ਵਿਦਿਆਰਥੀਆਂ ਨੂੰ ਆਜ਼ ਦੇ ਸਾਈਬਰ ਠੱਗੀਆਂ ਤੇ ਸੁਰੱਖਿਆ ਬਾਰੇ ਜਾਗਰੂਕ ਕੀਤਾ।

ਕਿਸੇ ਵੀ ਸੰਦਿਹੇਤ ਗਤੀਵਿਧੀ ਜਾਂ ਠੱਗੀ ਦੀ ਸੂਚਨਾ ਲਈ ਸਾਈਬਰ ਹੈਲਪਲਾਈਨ: 1930

ਸੁਰੱਖਿਆ ਲਈ ਪਾਸਵਰਡ ਮਜ਼ਬੂਤ ਕਰੋ, ਅਣਜਾਣ ਲਿੰਕ ਨਾ ਖੋਲ੍ਹੋ ਅਤੇ ਅਕਸਰ ਆਪਣੇ ਡਿਵਾਈਸ ਦੀ ਸੈਟਿੰਗ ਜਾਂਚੋ।

**ਫੋਟੋ ਅਤੇ ਵੇਰਵਾ ਸ਼ਰਮਾ ਪੱਤਰਕਾਰ ਮਾਲੇਰਕੋਟਲਾ।**

ਮੁਦਰਕ, ਪ੍ਰਕਾਸ਼ਕ ਅਤੇ ਸਵਾਮੀ ਰਵੀਨਾ ਰਾਣੀ ਨੇ ਪੁਸ਼ਪਕ ਪ੍ਰਿੰਟਰ, ਚੱਕ ਰੋਡ ਨੇੜੇ ਖਾਲਸਾ ਸਕੂਲ, ਸ੍ਰੀ ਮੁਕਤਸਰ ਸਾਹਿਬ ਤੋਂ ਛਪਵਾ ਕੇ ਮਾਲਵਾ ਬਾਣੀ ਦਫਤਰ, ਖੱਡੀਆਂ ਵਾਲੀ ਗਲੀ, ਹਾਊਸ ਨੰਬਰ 1740 , ਸ੍ਰੀ ਮੁਕਤਸਰ ਸਾਹਿਬ ਤੋਂ ਪ੍ਰਕਾਸ਼ਿਤ ਕੀਤਾ। ਸੰਪਾਦਕ ਰਵੀਨਾ ਰਾਣੀ

Rni.PUNPUN/2022/85964

# ਪਰਾਲੀ ਨੂੰ ਅੱਗ ਲਾਉਣਾ ਸਾਡਾ ਸ਼ੌਕ ਨਹੀ ਮਜਬੂਰੀ ਹੈ : ਜ਼ਿਲਾ ਪ੍ਰਧਾਨ ਅਮਰੀਕ ਸਿੰਘ



**ਮਮਦੋਟ 25 ਅਕਤੂਬਰ (ਗੁਰਪ੍ਰੀਤ ਸਿੰਘ ਸੰਧੂ)** ਝੋਨੇ ਦੀ ਪਰਾਲੀ ਦੇ ਰਹਿੰਦ ਖੂੰਹਦ ਨੂੰ ਮਿੱਟੀ ਵਿੱਚ ਮਿਲਾਉਣਾ ਆਮ ਕਿਸਾਨ ਦੇ ਵੱਸ ਦੀ ਗੱਲ ਨਹੀ ਹੈ ਅਤੇ ਪਰਾਲੀ ਨੂੰ ਅੱਗ ਲਾਉਣਾ ਕਿਸਾਨਾਂ ਦਾ ਸ਼ੌਕ ਨਹੀ ਮਜਬੂਰੀ ਹੈ ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਕਿਸਾਨ ਯੂਨੀਅਨ (ਲੱਖੋਵਾਲ) ਦੇ ਜ਼ਿਲਾ ਪ੍ਰਧਾਨ ਅਮਰੀਕ ਸਿੰਘ ਸੰਧੂ ਮਮਦੋਟ ਨੇ ਕਿਸਾਨਾਂ ਨੂੰ ਪੇਸ਼ ਆ ਰਹੀਆਂ ਮੁਸ਼ਕਿਲਾਂ ਸਬੰਧੀ ਵਿਚਾਰ ਵਟਾਂਦਰਾ ਕਰਦੇ ਸਮੇਂ ਪੱਤਰਕਾਰਾ ਨਾਲ ਕੀਤਾ ਜ਼ਿਲਾ ਪ੍ਰਧਾਨ ਨੇ ਕਿਹਾ ਇਸ ਵਾਰ ਝੋਨੇ ਦੇ ਝਾੜ ਵਿੱਚ ਵੱਡੀ ਕਮੀ ਆਈ ਹੈ ਅਤੇ ਦੂਸਰੇ ਪਾਸੇ ਸਰਕਾਰਾਂ ਕਿਸਾਨਾਂ ਉੱਪਰ ਨਾਦਰਸ਼ਾਹੀ ਫੁਰਮਾਨ ਸੁਣਾ ਕੇ ਕਿਸਾਨਾਂ ਨਾਲ ਮਾੜਾ ਵਰਤਾਓ ਕਰ ਰਹੀਆਂ ਹਨ ਅਤੇ ਪਰਾਲੀ ਦੀਆਂ ਗੱਠਾ ਬੰਨਣ ਵਾਲੀਆਂ ਮਸੀਨਾ ਅਤੇ ਬੇਲਰ ਕਿਸਾਨਾਂ ਨੂੰ ਸਮੇਂ ਸਿਰ ਨਹੀ ਮਿਲ ਰਹੇ ਹਨ। ਜਿਸ ਕਾਰਨ ਕਣਕ ਦੀ ਬਿਜਾਈ ਵਿੱਚ ਦੇਰੀ ਦਾ ਖਦਸ਼ਾ ਕਿਸਾਨਾਂ ਨੂੰ ਸਤਾ ਰਿਹਾ ਉਹਨਾਂ ਨੇ ਸਰਕਾਰ ਤੋਂ ਮੰਗ ਕੀਤੀ ਕਿਸਾਨਾਂ ਨੂੰ ਝੋਨੇ ਦਾ ਫੂਸ ਸਾੜਨ ਦੀ ਆਗਿਆ ਦਿੱਤੀ ਜਾਵੇ ਅਤੇ ਕਿਸਾਨਾਂ ਨੂੰ ਬੇਵਜ੍ਹਾ ਪ੍ਰੇਸ਼ਾਨ ਕਰਨਾ ਬੰਦ ਕੀਤਾ ਜਾਵੇ ਝੋਨੇ ਦੀ ਫ਼ਸਲ ਉੱਪਰ ਤਰੁੰਤ 300 ਰੁਪਏ ਬੋਨਸ ਦਿੱਤਾ ਜਾਵੇ ਇਸ ਮੌਕੇ ਬਲਾਕ ਪ੍ਰਧਾਨ ਹਰਭੇਜ ਸਿੰਘ, ਇੰਦਰਜੀਤ ਸਿੰਘ ਤਰਾਂ ਵਾਲਾ, ਬਲਵੰਤ ਸਿੰਘ ਖਾਰਾ, ਅਮਰੀਕ ਸਿੰਘ ਭੁਲੇਰੀਆ, ਗੁਰਪ੍ਰੀਤ ਸਿੰਘ ਮਮਦੋਟ, ਜਤਿੰਦਰ ਸਿੰਘ ਸੰਧੂ, ਸੁਖਮਿੰਦਰ ਸਿੰਘ ਸੰਧੂ,ਬਲਕਾਰ ਸਿੰਘ ਸੇਦਪੁਰੀਆ, ਹਰਪਾਲ ਸਿੰਘ ਹਸਨੇ ਵਾਲਾ, ਅੰਗਰੇਜ਼ ਸਿੰਘ, ਗੁਰਮੀਤ ਸਿੰਘ ਸੰਧੂ, ਤਰਸੇਮ ਸਿੰਘ ਹਸਨੇ ਵਾਲਾ, ਸਮੇਤ ਹੋਰ ਵੀ ਕਿਸਾਨ ਹਾਜ਼ਿਰ ਸਨ।

# ਫ਼ਿਲਮ “ਬੜਾ ਕਰਾਰਾ ਪੂਦਣਾ” ਦਾ ਧਮਾਕੇਦਾਰ ਟਰੇਲਰ ਰਿਲੀਜ਼, 7 ਨਵੰਬਰ 2025 ਨੂੰ ਹੋਵੇਗੀ ਰਿਲੀਜ਼



ਫ਼ਿਲਮ “ਬੜਾ ਕਰਾਰਾ ਪੂਦਣਾ” ਦਾ ਟਰੇਲਰ ਰਿਲੀਜ਼ ਹੋ ਗਿਆ ਹੈ, ਜੋ ਸੋਸ਼ਲ ਮੀਡੀਆ ‘ਤੇ ਚਰਚਾ ਦਾ ਵਿਸ਼ਾ ਬਣ ਗਿਆ ਹੈ। ਇਹ ਇਕ ਭਾਵੁਕ ਪਰਿਵਾਰਕ ਮਨੋਰੰਜਕ ਫ਼ਿਲਮ ਹੈ ਜੋ ਔਰਤਾਂ ਦੀ ਮਜ਼ਬੂਤੀ, ਪਰਿਵਾਰਕ ਰਿਸ਼ਤਿਆਂ ਅਤੇ ਪੰਜਾਬੀ ਸਭਿਆਚਾਰ ਦੇ ਰੰਗਾਂ ਦਾ ਜਸ਼ਨ ਮਨਾਉਂਦੀ ਹੈ। ਇਸਦੀ ਕਹਾਣੀ ਲੰਡਨ ਦੀ ਬਹੁ-ਸੱਭਿਆਚਾਰਕ ਪਿਛੋਕੜ ‘ਤੇ ਆਧਾਰਿਤ ਹੈ। ਫ਼ਿਲਮ ਦਾ ਨਿਰਦੇਸ਼ਨ ਮਸ਼ਹੂਰ ਡਾਇਰੈਕਟਰ ਪਰਵੀਨ ਕੁਮਾਰ (ਨੀ ਮੈਂ ਸੱਸ ਕੁਟਣੀ, ਦਰੜਾ) ਨੇ ਕੀਤਾ ਹੈ। ਕਹਾਣੀ ਅਮਨ ਸਿੱਧੂ ਵੱਲੋਂ ਲਿਖੀ ਗਈ ਹੈ ਅਤੇ ਮਿਊਜ਼ਿਕ ਗੁਰਮੀਤ ਸਿੰਘ ਨੇ ਤਿਆਰ ਕੀਤਾ ਹੈ। ਇਸ ਵਿਚ ਉਪਾਸਨਾ ਸਿੰਘ, ਕੁਲਰਾਜ ਰੰਧਾਵਾ, ਸ਼ਿਬਾ, ਆਕਾਸ਼ਦੀਪ ਸਾਬਿਰ, ਰਾਜ ਧਾਲੀਵਾਲ, ਮੰਨਤ ਸਿੰਘ ਅਤੇ ਕਮਲਜੀਤ ਨੀਰੂ ਵਰਗੇ ਮਸ਼ਹੂਰ ਕਲਾਕਾਰ ਆਪਣੀਆਂ ਅਹਿਮ ਭੂਮਿਕਾਵਾਂ ਨਿਭਾ ਰਹੇ ਹਨ। ਕਹਾਣੀ ਛੇ ਵਿਛੜੀਆਂ ਭੈਣਾਂ ਦੇ ਆਲੇ-ਦੁਆਲੇ ਘੁੰਮਦੀ ਹੈ, ਜੋ ਕਿਸਮਤ ਨਾਲ ਦੁਬਾਰਾ ਇਕੱਠੀਆਂ ਹੁੰਦੀਆਂ ਹਨ ਜਦੋਂ ਉਹਨਾਂ ਨੂੰ ਅਚਾਨਕ ਹੋਏ ਗਿੱਧਾ ਮੁਕਾਬਲੇ ‘ਚ ਹਿੱਸਾ ਲੈਣਾ ਪੈਂਦਾ ਹੈ। ਜੋ ਸ਼ੁਰੂ ‘ਚ ਯਾਦਾਂ ਦਾ ਮਿਲਾਪ ਹੁੰਦਾ ਹੈ, ਉਹ ਅੱਗੇ ਚੱਲ ਕੇ ਆਪਣੇ ਜੀਵਨ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨ, ਟੁੱਟੇ ਰਿਸ਼ਤੇ ਜੋੜਨ ਅਤੇ ਇਕ ਦੂਜੇ ਵਿੱਚ ਹੌਸਲਾ ਲੱਭਣ ਦਾ ਸਫ਼ਰ ਬਣ ਜਾਂਦਾ ਹੈ। ਟਰੇਲਰ ਵਿਚ ਭਾਵਨਾਵਾਂ ਅਤੇ ਪੰਜਾਬੀ ਸਭਿਆਚਾਰ ਦੀ ਰੂਹ ਨੂੰ ਖੂਬਸੂਰਤੀ ਨਾਲ ਦਰਸਾਇਆ ਗਿਆ ਹੈ। ਇਹ ਫ਼ਿਲਮ ਦੇ ਵਿਸ਼ਾਲ ਪੱਧਰ, ਅਸਲੀ ਪੰਜਾਬੀ ਲੋਕ-ਸੰਗੀਤ, ਰਵਾਇਤੀ ਨੱਚ ਤੇ ਜੋੜਨ ਵਾਲੀ ਕਹਾਣੀ ਦੀ ਝਲਕ ਦਿੰਦਾ ਹੈ। “ਬੜਾ ਕਰਾਰਾ ਪੂਦਣਾ”7 ਨਵੰਬਰ 2025 ਨੂੰ ਵਿਸ਼ਵ ਪੱਧਰ ‘ਤੇ ਰਿਲੀਜ਼ ਹੋਵੇਗੀ। ਇਸ ਫ਼ਿਲਮ ਦੇ ਪਿੱਛੇ EmVeeBee Media (P) Ltd ਦੀ ਪ੍ਰੋਡਿਊਸਰ ਮਾਧੁਰੀ ਭੋਸਲੇ ਦਾ ਇਹ ਵਿਸ਼ਵਾਸ ਹੈ ਕਿ ਔਰਤਾਂ ਵਿਸ਼ਵਾਸ, ਸਭਿਆਚਾਰ ਤੇ ਭਾਵਨਾਵਾਂ ਦੀ ਤਾਕਤ ਨੂੰ ਮਨਾਉਣਾ ਹੀ ਅਸਲੀ ਸਿਨੇਮਾ ਹੈ - ਜੋ ਪੰਜਾਬੀ ਭੈਣਚਾਰੇ ਨੂੰ ਵਿਸ਼ਵ ਮੰਚ ਤੱਕ ਲੈ ਜਾਂਦਾ ਹੈ।

**ਹਰਜਿੰਦਰ ਸਿੰਘ**

# ਯੁੱਧ ਨਸ਼ਿਆਂ ਵਿਰੁੱਧ ਵਿਸ਼ੇ ਤਹਿਤ ਕੁਇਜ਼ ਪ੍ਰਤੀਯੋਗਤਾ ਕਰਵਾਈ ਗਈ



**ਸ੍ਰੀ ਮੁਕਤਸਰ ਸਾਹਿਬ, 25 ਅਕਤੂਬਰ (ਲੱਕੀ ਚੜੇਵਾਨ)** ਸਰਕਾਰੀ ਹਾਈ ਸਕੂਲ ਡੋਡਾਂਵਾਲੀ ਵਿਖੇ ਯੁੱਧ ਨਸ਼ਿਆਂ ਵਿਰੁੱਧ ਵਿਸ਼ੇ ਤਹਿਤ ਕੁਇਜ਼ ਪ੍ਰਤੀਯੋਗਤਾ ਕਰਵਾਈ ਗਈ। ਸਮਾਜਿਕ ਸਿੱਖਿਆ ਦੇ ਅਧਿਆਪਕ ਧੀਰਜ ਖੇੜਾ ਅਤੇ ਕੰਵਲਜੀਤ ਸਿੰਘ ਨੇ ਬੜੇ ਹੀ ਸੁਚੱਜੇ ਢੰਗ ਨਾਲ ਵਿਦਿਆਰਥੀਆਂ ਦੀ ਮਾਨਸਿਕਤਾ ਨੂੰ ਮੁੱਖ ਰੱਖਦੇ ਹੋਏ ਪ੍ਰਸ਼ਨ ਤਿਆਰ ਕੀਤੇ। ਸਟੇਜ ਸੈਕਟਰੀ ਦੀ ਭੂਮਿਕਾ ਕੰਵਲਜੀਤ ਸਿੰਘ ਨੇ ਨਿਭਾਈ। ਕੁਇਜ਼ ਪ੍ਰਤੀਯੋਗਤਾ ਦੇ ਪ੍ਰਸ਼ਨਾਂ ਦਾ ਸਬੰਧ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਉਣਾ ਸੀ। ਅੰਤ ਵਿੱਚ ਮੁੱਖ ਅਧਿਆਪਕ ਯਾਦਵਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ ਅਤੇ ਜੇਤੂ ਟੀਮ ਨੂੰ ਇਨਾਮ ਤਕਸੀਮ ਕੀਤੇ।

# ਪੰਜਾਬ ਵਿੱਚੋਂ ਖੇਡਾਂ ਵਿੱਚ ਡਰੀਮਲੈਂਡ ਸਕੂਲ ਦੇ ਖਿਡਾਰੀਆਂ ਨੇ ਜਿੱਤੇ ਮੈਡਲ : ਸ਼ਰਮਾ



**ਕੋਟਕਪੂਰਾ, 25 ਅਕਤੂਬਰ (ਟਿੰਕੂ ਕੁਮਾਰ)** :- ਜਲੰਧਰ ਵਿਖੇ ਹੋਈਆਂ ਸਕੂਲੀ ਰਾਜ ਪੱਧਰੀ ਖੇਡਾਂ ਵਿੱਚ ਕੁਰਾਸ਼ ਦੇ ਮੁਕਾਬਲਿਆਂ ਵਿੱਚ ਸਥਾਨਕ ਸਿੱਖਾਂ ਵਾਲਾ ਰੋਡ ’ਤੇ ਸਥਿੱਤ ਇਲਾਕੇ ਦੀ ਨਾਮਵਰ ਸਿੱਖਿਆ ਸੰਸਥਾ ਡਰੀਮਲੈਂਡ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੇ ਲੜਕਿਆਂ ਅੰਡਰ-14 ਅਤੇ ਅੰਡਰ 17 ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਸਕੂਲ ਦੇ ਚੇਅਰਮੈਨ ਸ਼੍ਰੀ ਪ੍ਰਕਾਸ਼ ਚੰਦ ਸ਼ਰਮਾ ਜੀ ਨੇ ਦੱਸਿਆ ਕਿ ਪੰਜਾਬ ਰਾਜ ਪੱਧਰ ਦੀਆਂ ਖੇਡਾਂ ਵਿੱਚ ਪੰਜਾਬ ਵਿੱਚੋਂ ਕੁਰਾਸ਼ ਦੇ ਮੁਕਾਬਲੇ ਵਿੱਚ 11ਵੀ ਜਮਾਤ ਦੇ ਵਿਦਿਆਰਥੀ ਭਾਵਿਕ ਸਪੁੱਤਰ ਯਸ਼ਰਾਜ ਨੇ ਉਮਰ ਵਰਗ 17 ਵਿੱਚ (50 ਕਿਲੋ) ਵਿੱਚ ਭਾਗ ਲਿਆ ਅਤੇ ਰਾਜ ਵਿੱਚੋਂ ਦੂਜਾ ਸਥਾਨ ਹਾਸਲ ਕਰਕੇ ਸਿਲਵਰ ਮੈਡਲ ਜਿੱਤਿਆ। ਛੇਵੀਂ ਜਮਾਤ ਦੇ ਵਿਦਿਆਰਥੀ ਇਸ਼ਾਂਤ ਸਪੁੱਤਰ ਬਿੱਲੂ ਕੁਮਾਰ ਨੇ ਉਮਰ ਵਰਗ 14 ਵਿੱਚੋਂ (25 ਕਿਲੋ) ਵਿੱਚ ਭਾਗ ਲਿਆ ਅਤੇ ਤੀਜਾ ਸਥਾਨ ਹਾਸਿਲ ਕਰਕੇ ਬ੍ਰੋਨਜ਼ ਮੈਡਲ ਜਿੱਤਿਆ। ਇਸ ਮੌਕੇ ਉਨ੍ਹਾਂ ਸਕੂਲ ਦੇ ਪ੍ਰਿੰਸੀਪਲ, ਸਟਾਫ, ਕੋਚ ਸਾਹਿਬਾਨ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਇਸੇ ਤਰ੍ਹਾਂ ਸਕੂਲ ਦੇ ਪ੍ਰਿੰਸੀਪਲ ਸ਼੍ਰੀ ਰਾਕੇਸ਼ ਸ਼ਰਮਾ ਜੀ ਨੇ ਇਸ ਸ਼ਾਨਦਾਰ ਜਿੱਤ ਲਈ ਵਿਦਿਆਰਥੀਆਂ ਅਤੇ ਕੋਚ ਸਾਹਿਬਾਨਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਪ੍ਰਾਪਤੀ ਵਿਦਿਆਰਥੀਆਂ ਅਤੇ ਕੋਚ ਸਾਹਿਬਾਨਾਂ ਦੀ ਮਿਹਨਤ ਦਾ ਨਤੀਜਾ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਵਿਦਿਆਰਥੀਆਂ ਅਤੇ ਕੋਚ ਸਾਹਿਬਾਨਾਂ ਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਹੋਰਨਾ ਤੋਂ ਇਲਾਵਾ ਮੈਡਮ ਨਵਪ੍ਰੀਤ ਸ਼ਰਮਾ, ਹਰਵਿੰਦਰ ਸਿੰਘ (ਕੋਚ), ਰਾਜਪ੍ਰੀਤ ਸਿੰਘ (ਕੋਚ), ਸਮੂਹ ਸਟਾਫ ਅਤੇ ਵਿਦਿਆਰਥੀ ਵੀ ਹਾਜ਼ਰ ਸਨ।

# ਨੈਚਰੋਪੈਥੀ ਯੋਗਾ ਵਿਧੀ ਨਾਲ ਭਿਆਨਕ ਤੋਂ ਭਿਆਨਕ ਬਿਮਾਰੀ ਦਾ ਇਲਾਜ਼ ਸੰਭਵ ਹੈ : ਡਾ: ਵਿਰਕ




**ਭਦੌੜ 25 ਅਕਤੂਬਰ (ਰਾਜੀਵ ਗਰਗ)** ਪੰਜਾਬ ਨੈਚਰੋਪੈਥੀ ਯੋਗਾ ਹਸਪਤਾਲ ਭਦੌੜ ਵਿਖੇ ਵੱਖ ਵੱਖ ਬਿਮਾਰੀਆਂ ਨਾਲ ਪੀੜ੍ਹਤ ਵਿਅਕਤੀ ਦਾ ਸਫਲਤਾ ਪੂਰਵਕ ਇਲਾਜ਼ ਨੈਚਰੋਪੈਥੀ ਵਿਧੀ ਨਾਲ ਕੀਤਾ ਗਿਆ। ਪੰਜਾਬ ਨੈਚਰੋਪੈਥੀ ਯੋਗਾ ਹਸਪਤਾਲ ਭਦੌੜ ਦੇ ਸੰਚਾਲਕ ਡਾ: ਗੁਰਮੇਲ ਸਿੰਘ ਵਿਰਕ ਰਿਟਾਇਰਡ ਸੀ.ਐਮ.ਓ. ਨੇ ਗੱਲਬਾਤ ਕਰਦਿਆਂ ਕਿਹਾ ਕਿ ਨੈਚਰੋਪੈਥੀ ਯੋਗਾ ਵਿਧੀ ਨਾਲ ਭਿਆਨਕ ਤੋਂ ਭਿਆਨਕ ਬਿਮਾਰੀ ਦਾ ਇਲਾਜ਼ ਸੰਭਵ ਹੈ। ਡਾ: ਗੁਰਮੇਲ ਸਿੰਘ ਵਿਰਕ ਨੇ ਪ੍ਰੈਸ ਨੋਟ ਜਾਰੀ ਕਰਦਿਆਂ ਕਿਹਾ ਕਿ ਮਰੀਜ਼ ਬਲਵਿੰਦਰ ਸਿੰਘ ਨੂੰ ਪਿਛਲੇ ਕਈ ਸਾਲਾਂ ਤੋਂ ਵੱਖ ਵੱਖ ਬਿਮਾਰੀਆਂ 12 ਸਾਲ ਤੋਂ ਸ਼ਰਾਬ ਪੀਣ ਦਾ ਆਦੀ, ਦੋਵੇ ਕਿਡਨੀਆ ਵਿੱਚ ਰਸੌਲੀ, ਸ਼ਰਾਬ ਪੀਣ ਕਾਰਨ ਜਿਗਰ ਖਰਾਬ, ਲੀਵਰ ਸਿਰੋਸਿਸ, ਖਾਣੇ ਵਾਲੀ ਨਲੀ ਵਿੱਚ ਜਖਮ, ਤੇਜਾਬ, ਗੈਸ, ਖੱਟੇ ਡਕਾਰ, ਬਦਹਜਮੀ, ਗਦੂਦ ਵਧੇ ਹੋਏ, ਕਬਜ਼, ਸਾਰੀਆਂ ਹੱਡੀਆਂ ਗੋਡੇ, ਮੋਢੇ, ਗਿੱਟੇ, ਧੌਣ, ਢੂਹੀ, ਪੈਰਾ ਵਿੱਚ ਦਰਦ ਦੀਆਂ ਬ੍ਰਿਮਾਰੀਆਂ ਲੱਗੀਆਂ ਹੋਈਆਂ ਸਨ ਇੰਨਾ ਬਿਮਾਰੀਆਂ ਦਾ ਇਲਾਜ਼ ਮਸਹੂਰ ਤੋਂ ਮਸ਼ਹੂਰ ਡਾਕਟਰ ਸਾਹਿਬਾਨਾ ਕੋਲੋ ਇਲਾਜ਼ ਕਰਵਾਇਆ ਪਰੰਤੂ ਹਰ ਪਾਸਿਓ ਨਿਰਾਸ਼ਾ ਹੀ ਮਿਲੀ ਆਖੀਰ ਇਹ ਮਰੀਜ਼ ਆਪਣਾ ਇਲਾਜ਼ ਕਰਵਾਉਣ ਦੇ ਲਈ ਪੰਜਾਬ ਨੈਚਰੋਪੈਥੀ ਯੋਗਾ ਹਸਪਤਾਲ ਭਦੌੜ ਵਿਖੇ ਦਾਖਿਲ ਹੋਏ ਇਸ ਮਰੀਜ਼ ਦਾ ਇਲਾਜ਼ ਮੇਰੀ ਦੇਖ ਰੇਖ ਹੇਠ ਮੇਰੀ ਟੀਮ ਡਾ: ਮਨਿੰਦਰ ਸਿੰਘ ਵਿਰਕ ਨੈਚਰੋਪੈਥੀ ਫਿਜੀਓਥਰੈਪੀ ਦੇ ਮਾਹਿਰ, ਡਾ: ਉਪਿੰਦਰ ਸਿੰਘ ਵਿਰਕ ਐਮ.ਐਸ.ਆਰਥੋ ( ਹੱਡੀਆਂ ਦੇ ਮਾਹਿਰ) ਡਾ: ਸਿਵਾਂਗੀ ਵਿਰਕ ਨੈਚਰੋਪੈਥੀ ਖੁਰਾਕ ਯੋਗਾ ਦੇ ਮਾਹਿਰ ਨੇ ਬਿਨਾ ਕਿਸੇ ਦੁਵਾਈ ਖੁਆਇਆ ਸਿਰਫ ਮਿੱਟੀ, ਪਾਣੀ , ਹਵਾ, ਔਰਗਨਿਕ ਖਾਧ ਖੁਰਾਕ, ਫਲ ਫਰੂਟ, ਚੁੰਬਕ, ਮਾਲਿਸ਼, ਸੈਰ, ਯੋਗਾ, ਚੁੰਬਕ ਆਕੂਪੰਚਰ, ਆਕੂਪਰੈਸ਼ਰ, ਆਦਿ ਵਿਧੀਆਂ ਨਾਲ ਇਸ ਮਰੀਜ਼ ਦਾ ਇਲਾਜ਼ ਕੀਤਾ ਗਿਆ ਅਤੇ ਮਰੀਜ਼ ਦਾ ਇਲਾਜ਼ ਕਰਨ ਦੇ ਦੌਰਾਨ ਜੋ ਇਸ ਮਰੀਜ਼ ਨੂੰ ਬਿਮਾਰੀਆਂ ਲੱਗੀਆਂ ਹੋਈਆਂ ਸਨ ਉਹ ਲੱਗਭੱਗ ਸਾਰੀਆਂ ਠੀਕ ਹੋ ਗਈਆਂ ਹਨ। ਅਤੇ ਜੋ ਮਰੀਜ਼ 5 ਮਿੰਟ ਤੁਰ ਫਿਰ ਨਹੀ ਸਕਦਾ ਸੀ ਹੁਣ ਇੱਕ ਘੰਟਾ ਸੈਰ ਕਰਦਾ ਹੈ। ਪੰਜਾਬ ਨੈਚਰੋਪੈਥੀ ਯੋਗਾ ਹਸਪਤਾਲ ਭਦੌੜ ਦੇ ਸੰਚਾਲਕ ਡਾ: ਗੁਰਮੇਲ ਸਿੰਘ ਵਿਰਕ ਨੇ ਇਹ ਵੀ ਕਿਹਾ ਕਿ ਇਹ ਵਿਧੀ ਭਾਰਤ ਸਰਕਾਰ ਤੋਂ ਮਾਨਤਾ ਪ੍ਰਾਪਤ ਵਿਧੀ ਹੈ ਇਸ ਵਿਧੀ ਨਾਲ ਭਿਆਨਕ ਤੋਂ ਭਿਆਨਕ ਬਿਮਾਰੀ ਦਾ ਇਲਾਜ਼ ਸੰਭਵ ਹੈ।

# ਸਕੂਲ ਆਫ਼ ਐਮੀਨੈਂਸ, ਕੀਰਤਪੁਰ ਸਾਹਿਬ ਰੂਪਨਗਰ ਦਾ ਰਾਸ਼ਟਰੀ ਜਨਸੰਖਿਆ ਸਿੱਖਿਆ ਪ੍ਰੋਗਰਾਮ ਅਧੀਨ ਰਾਜ ਪੱਧਰੀ ਲੋਕ ਨਾਚ ਮੁਕਾਬਲੇ ਵਿੱਚ ਪਹਿਲਾ ਸਥਾਨ

## ਅਧਿਆਪਕ ਗੁਰਸੇਵਕ ਸਿੰਘ ਅਤੇ ਦਵਿੰਦਰ ਸਿੰਘ ਦੀ ਅਣਥੱਕ ਮਿਹਨਤ ਦਾ ਨਤੀਜਾ - ਪ੍ਰਿੰ. ਸ਼ਰਨਜੀਤ ਸਿੰਘ







**ਕੀਰਤਪੁਰ ਸਾਹਿਬ 25 ਅਕਤੂਬਰ (ਸੈਣੀ ਨਿੱਕੂਵਾਲ/ ਰਾਣਾ ਹਰੀਵਾਲ)** ਸਕੂਲ ਆਫ਼ ਐਮੀਨੈਂਸ, ਕੀਰਤਪੁਰ ਸਾਹਿਬ (ਰੂਪਨਗਰ) ਦੇ ਵਿਦਿਆਰਥੀਆਂ ਨੇ ਪ੍ਰਿੰਸੀਪਲ ਸਰਨਜੀਤ ਸਿੰਘ ਜੀ ਦੀ ਯੋਗ ਅਗਵਾਈ ਹੇਠ ਵਿਦਿਆਰਥੀਆਂ ਨੇ ਰਾਸ਼ਟਰੀ ਜਨਸੰਖਿਆ ਸਿੱਖਿਆ ਪ੍ਰੋਗਰਾਮ ਅਧੀਨ ਰਾਜ ਪੱਧਰੀ ਲੋਕ ਨਾਚ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਕੂਲ ਪ੍ਰਿੰਸੀਪਲ ਸ਼ਰਨਜੀਤ ਸਿੰਘ ਨੇ ਦੱਸਿਆ ਕਿ ਰਾਸ਼ਟਰੀ ਜਨਸੰਖਿਆ ਸਿੱਖਿਆ ਪ੍ਰੋਗਰਾਮ ਅਧੀਨ ਰਾਜ ਪੱਧਰੀ ਲੋਕ ਨਾਚ ਮੁਕਾਬਲੇ ਦੇਸ਼ ਭਗਤ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ ਵਿਖੇ ਹੋਏ ਜਿਸ ਵਿੱਚ ਸਕੂਲ ਦੇ ਵਿਦਿਆਰਥੀਆਂ ਨੇ ਲੋਕ ਨਾਚ ਮੁਕਾਬਲੇ ਵਿੱਚ ਭਾਗ ਲੈਂਦੇ ਹੋਏ ਪੰਜਾਬ ਦੇ 23 ਜ਼ਿਲਿਆਂ ਵਿੱਚੋਂ ਪਹਿਲਾਂ ਸਥਾਨ ਪ੍ਰਾਪਤ ਕਰਕੇ ਜ਼ਿਲ੍ਹਾ ਰੂਪਨਗਰ ਅਤੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ। ਹੁਣ ਇਹ ਟੀਮ ਰਾਸ਼ਟਰੀ ਪੱਧਰ ਤੇ ਲੋਕ ਨਾਚ ਵਿੱਚ ਪੰਜਾਬ ਦੀ ਪ੍ਰਤਿਨਿੱਧਤਾ ਕਰੇਗੀ। ਇਸ ਮੌਕੇ ਸਕੂਲ ਪ੍ਰਿੰਸੀਪਲ ਨੇ ਦੱਸਿਆ ਕਿ ਇਸ ਪ੍ਰਾਪਤੀ ਲਈ ਇਸ ਟੀਮ ਦੇ ਗਾਈਡ ਅਧਿਆਪਕ ਗੁਰਸੇਵਕ ਸਿੰਘ ਸਮਾਜਿਕ ਵਿਗਿਆਨ ਅਤੇ ਦਵਿੰਦਰ ਸਿੰਘ ਦੀ ਅਣਥੱਕ ਮਿਹਨਤ ਦਾ ਨਤੀਜਾ ਹੈ ਜਿਹਨਾਂ ਨੇ ਸਕੂਲ ਸਮੇਂ ਤੋਂ ਬਾਅਦ ਵੀ ਵਿਦਿਆਰਥੀਆਂ ਸਖ਼ਤ ਮਿਹਨਤ ਅਤੇ ਤਿਆਰੀ ਕਰਵਾਈ ਜਿਸਦੇ ਨਤੀਜੇ ਵਜੋਂ ਇਹਨਾਂ ਵਿਦਿਆਰਥੀਆਂ ਨੇ ਪੰਜਾਬ ਭਰ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਇਸ ਟੀਮ ਵਿੱਚ ਪੰਜ ਲੜਕੀਆਂ ਅਤੇ ਇੱਕ ਲੜਕਾ ਸ਼ਾਮਿਲ ਸੀ।

# ਤਪਾ ਸ਼ਹਿਰ ਨੂੰ ਆਉਂਦਾ ਬਜੁਰਗ ਇੱਕ ਹਫਤੇ ਵਿੱਚ ਦੋ ਵਾਰ ਹੋਇਆ ਲੁੱਟ ਦਾ ਸ਼ਿਕਾਰ

**ਤਪਾ ਮੰਡੀ,25 ਅਕਤੂਬਰ (ਬੰਟੀ ਦੀਕਸ਼ਿਤ)** ਨੇੜਲੇ ਪਿੰਡ ਘੜੈਲਾ ਦਾ ਇੱਕ ਬਜ਼ੁਰਗ ਤਪਾ ਸ਼ਹਿਰ ਨੂੰ ਆਉਂਦੇ ਸਮੇਂ ਇੱਕ ਹਫਤੇ ਵਿੱਚ ਦੋ ਵਾਰ ਲੁੱਟ ਦਾ ਸ਼ਿਕਾਰ ਹੋਇਆ ਹੈ। ਪੀੜਤ ਬਜ਼ੁਰਗ ਮੁਕੰਦ ਸਿੰਘ (80 ਸਾਲ) ਨੇ ਦੱਸਿਆ ਕਿ ਉਹ 6 ਦਿਨ ਪਹਿਲਾਂ ਸ਼ਹਿਰ ਤਪਾ ਤੋਂ ਬੱਸ ਤੇ ਚੜ ਕੇ ਆਪਣੇ ਪਿੰਡ ਘੜੈਲੇ ਜਾ ਰਿਹਾ ਸੀ ਜਿਸ ਨਾਲ ਬੱਸ ਦੀ ਸੀਟ ਤੇ ਇੱਕ ਅਣਪਛਾਤੀ ਔਰਤ ਅਤੇ ਹੋਰ ਬੰਦੇ ਵੀ ਬੈਠੇ ਹੋਏ ਸਨ ਜਿਨ੍ਹਾਂ ਸਾਹਮਣੇ ਉਸ ਨੇ ਆਪਣੇ ਗੀਝੇ ਵਿੱਚ ਪਾਇਆ ਹੋਇਆ ਬਟੂਆ ਕੱਢ ਕੇ ਕਡੰਕਟਰ ਨੂੰ ਟਿਕਟ ਦੇ ਪੈਸੇ ਦਿੱਤੇ ਤੇ ਵਾਪਸ ਬਟੂਆ ਗੀਝੇ ਵਿੱਚ ਪਾ ਲਿਆ ਜਦ ਉਸ ਨੇ ਆਪਣੇ ਘਰ ਜਾਕੇ ਬਟੂਆ ਦੇਖਿਆ ਤਾਂ ਬਟੂਆ ਤਾਂ ਗੀਝੇ ਵਿੱਚ ਹੀ ਪਿਆ ਸੀ ਪਰ ਉਸ ਬਟੂਏ ਵਿੱਚੋਂ ਪੈਸੇ 3500 ਰੁਪਏ ਗਾਇਬ ਸੀ ਜਿਸ ਨੂੰ ਦੇਖਕੇ ਉਹ ਹੱਕਾਂ ਬੱਕਾ ਰਹਿ ਗਿਆ ਤੇ ਸਾਰੀ ਕਹਾਣੀ ਆਪਣੇ ਸਾਥੀਆਂ ਨੂੰ ਦੱਸੀ ।ਉਸੇ ਤਰ੍ਹਾਂ ਅੱਜ ਵੀ ਉਹ ਜਦੋਂ ਤਪਾ ਸ਼ਹਿਰ ਦੇ ਤਪਾ -ਤਾਜੋਕੇ ਕੈਂਚੀਆਂ ਬੱਸ ਅੱਡੇ ਤੇ ਖੜਾ ਪਿੰਡ ਨੂੰ ਜਾਣ ਲਈ ਬੱਸ ਦੀ ਉਡੀਕ ਕਰ ਰਿਹਾ ਸੀ ਤਾਂ ਉਹ ਆਪਣੇ ਆਪ ਨੂੰ ਪਹਿਲਾਂ ਲੁੱਟ ਦਾ ਸ਼ਿਕਾਰ ਹੋਏ ਨੂੰ ਦੇਖਦੇ ਹੋਏ ਟਿਕਟ ਲੈਣ ਵਾਸਤੇ ਆਪਣੇ ਬਟੂਏ ਚੋਂ ਪੈਸੇ ਕੱਢ ਕੇ ਉਪਰਲੀ ਜੇਬ ਵਿੱਚ ਪਾਉਣ ਹੀ



ਲੱਗਿਆ ਸੀ ਤਾਂ ਐਨੇ ਵਿਚ ਉਸ ਬਜ਼ੁਰਗ ਕੋਲ ਨੌਜਵਾਨ ਆ ਕੇ ਖੜ ਗਿਆ ਤੇ ਉਸ ਨੂੰ ਬਾਬਾ ਕਹਿ ਕੇ ਕਹਿਣ ਲੱਗਾ ਕਿ ਮੈਂ ਸੋਡੇ ਪਿੰਡ ਦਾ ਹੀ ਮੁੰਡਾ ਹਾਂ,ਜਦ ਉਸ ਬਜੁਰਗ ਨੇ ਕਿਹਾ ਮੈਂ ਤਾਂ ਤੈਨੂੰ ਜਾਣਦਾ ਨੀ ਤਾਂ ਉਸ ਨੌਜਵਾਨ ਨੇ ਬਜ਼ੁਰਗ ਦੇ ਹੱਥ ਵਿਚ ਫੜੇ 750 ਰੁਪਿਆ ਨੂੰ ਝਪਟ ਮਾਰ ਦਿੱਤੀ ਤੇ ਨੌਸਰਬਾਜ਼ ਲੁਟੇਰਾ ਪੈਸੇ ਲੈ ਕੇ ਰਫੂ ਚੱਕਰ ਹੋ ਗਿਆ ਤੇ ਬਜ਼ੁਰਗ ਦੇਖਦਾ ਤੇ ਰੌਲਾ ਪਾਉਂਦਾ ਰਹਿ ਗਿਆ।

# ਗਾਇਕ ਗੁਲਾਬ ਸਿੱਧੂ ਦੇ ਗੀਤ ‘ਸੂਣੇ ਸਰਪੰਚ’ ‘ਤੇ ਸਰਪੰਚਾਂ ਦਾ ਗੁੱਸਾ, ਗੀਤ ਦੇ ਲ਼ਫਜ਼ਾਂ ਨੂੰ ਲੈ ਕੇ ਮੰਗੇ ਮਾਫ਼ੀ

**ਭਵਾਨੀਗੜ੍ਹ, 25 ਅਕਤੂਬਰ (ਰਾਜ ਖੁਰਮੀ)**: ਪੰਜਾਬੀ ਗਾਇਕ ਗੁਲਾਬ ਸਿੱਧੂ ਦੇ ਨਵੇਂ ਗੀਤ “ਸੁਣੇ ਸਰਪੰਚ - ਸਾਰਾ ਪਿੰਡ ਕੁੱਟ ਦੂੰ” ਨੇ ਸੂਬੇ ਭਰ ਦੇ ਸਰਪੰਚਾਂ ਵਿਚ ਗੁੱਸੇ ਦੀ ਲਹਿਰ ਪੈਦਾ ਕਰ ਦਿੱਤੀ ਹੈ ।ਜ਼ਿਲ੍ਹਾ ਸੰਗਰੂਰ ਦੇ ਭਵਾਨੀਗੜ੍ਹ ਬਲਾਕ ਸਰਪੰਚ ਯੂਨੀਅਨ ਦੇ ਮੀਤ ਪ੍ਰਧਾਨ ਜਗਪਾਲ ਸਿੰਘ ਕਾਲਾਝਾੜ ਕਲਾਂ ਨੇ ਗਾਣੇ ਦਾ ਤਿੱਖਾ ਵਿਰੋਧ ਕਰਦੇ ਹੋਏ, ਇਸਨੂੰ ਸਮਾਜਕ ਤੌਰ ‘ਤੇ ਘਟੀਆ ਅਤੇ ਪਿੰਡ ਪ੍ਰਣਾਲੀ ਲਈ ਅਪਮਾਨਜਨਕ ਕਰਾਰ ਦਿੱਤਾ ।ਉਹਨਾਂ ਕਿਹਾ ਕਿ ਸਰਪੰਚ ਪਿੰਡ ਦਾ ਚੁਣਿਆ ਹੋਇਆ ਲੋਕ ਪ੍ਰਤੀਨਿਧੀ ਹੁੰਦਾ ਹੈ ਜੋ ਲੋਕਾਂ ਦੀ ਭਲਾਈ ਲਈ ਆਪਣੀ ਜ਼ਿੰਦਗੀ ਸਮਰਪਿਤ ਕਰਦਾ ਹੈ। ਅਜਿਹੇ ਗਾਣੇ ਜਵਾਨੀ ਵਿਚ ਗਲਤ ਸੁਨੇਹੇ ਪੈਦਾ ਕਰਦੇ ਹਨ ਅਤੇ ਹਿੰਸਾ ਨੂੰ ਵਧਾਉਂਦੇ ਹਨ ।ਕਾਲਾਝਾੜ ਨੇ ਕਿਹਾ ਕਿ ਗਾਇਕੀ ਦਾ ਮਕਸਦ ਸਮਾਜ ਵਿਚ ਪਿਆਰ, ਏਕਤਾ ਅਤੇ ਸੱਭਿਆਚਾਰ ਨੂੰ ਪ੍ਰਮੋਟ ਕਰਨਾ ਹੁੰਦਾ ਹੈ, ਨਾ ਕਿ ਨਫ਼ਰਤ ਜਾਂ ਅਣਸੰਯਮਿਤ ਭਾਵਨਾਵਾਂ ਨੂੰ ਉਕਸਾਉਣਾ। “ਇੱਕ ਗਾਇਕ ਜਦੋਂ ਇਸ ਤਰ੍ਹਾਂ ਦੇ ਸ਼ਬਦ ਵਰਤਦਾ ਹੈ, ਉਹ ਹਰ ਸਰਪੰਚ ਅਤੇ ਉਸਦੇ ਪਰਿਵਾਰ ਦੇ ਆਤਮ-ਸਨਮਾਨ ਨਾਲ ਖੇਡਦਾ ਹੈ, ਜੋ ਕਬੂਲਯੋਗ ਨਹੀਂ,”ਉਹਨਾਂ ਕਿਹਾ ।ਉਹਨਾਂ ਮੰਗ ਕੀਤੀ ਕਿ ਗੁਲਾਬ ਸਿੱਧੂ ਤੁਰੰਤ ਗਾਣੇ ਦੇ ਇਹ ਵਿਵਾਦਿਤ ਲਫ਼ਜ਼ ਹਟਾਏ ਤੇ ਜਨਤਕ ਮਾਫ਼ੀ ਮੰਗੇ। ਨਾਲ ਹੀ ਪੰਜਾਬ ਸਰਕਾਰ ਅਤੇ ਸੰਗੀਤ ਉਦਯੋਗ ਨੂੰ ਅਪੀਲ ਕੀਤੀ ਕਿ ਅਜਿਹੇ ਗਾਣਿਆਂ ‘ਤੇ ਨਿਗਰਾਨੀ ਰੱਖੀ ਜਾਵੇ ਜੋ ਸਮਾਜ ਵਿਚ ਨਕਾਰਾਤਮਕਤਾ ਫੈਲਾਉਂਦੇ ਹਨ ।ਕਾਲਾਝਾੜ ਕਲਾਂ ਨੇ ਕਿਹਾ ਕਿ ਪਿੰਡ ਪੱਧਰ ਦੀ ਜਮਹੂਰੀ ਪ੍ਰਣਾਲੀ ਪੰਜਾਬ ਦੀ ਰੀੜ੍ਹ ਦੀ ਹੱਡੀ ਹੈ ਅਤੇ ਇਸ ਦਾ ਅਪਮਾਨ ਦਰਅਸਲ ਪਿੰਡ ਦੇ ਹਰ ਨਿਵਾਸੀ ਦਾ ਅਪਮਾਨ ਹੈ। ਸਰਪੰਚਾਂ ਨੇ ਹਮੇਸ਼ਾਂ ਪਿੰਡਾਂ ਦੇ ਵਿਕਾਸ, ਸਫਾਈ, ਸਿੱਖਿਆ ਅਤੇ ਸੁਵਿਧਾਵਾਂ ਲਈ ਯੋਗਦਾਨ ਦਿੱਤਾ ਹੈ ।ਉਹਨਾਂ ਚੇਤਾਵਨੀ ਦਿੱਤੀ ਕਿ ਜੇਕਰ ਗਾਇਕ ਵੱਲੋਂ ਮਾਫ਼ੀ ਨਾ ਮੰਗੀ ਗਈ ਤਾਂ ਸਰਪੰਚ ਯੂਨੀਅਨ ਭਵਾਨੀਗੜ੍ਹ ਅਤੇ ਹੋਰ ਜ਼ਿਲ੍ਹਾ ਯੂਨੀਅਨ ਮਿਲ ਕੇ ਅਗਲੇ ਸਖ਼ਤ ਕਦਮ ਚੁੱਕਣਗੀਆਂ। ਕਾਲਾਝਾੜ ਨੇ ਕਿਹਾ ਕਿ ਅਸੀਂ ਕਿਸੇ ਨਾਲ ਵੈਰ ਨਹੀਂ ਚਾਹੁੰਦੇ, ਪਰ ਆਪਣੀ ਮਰਯਾਦਾ ਦੀ ਰੱਖਿਆ ਲਈ ਇਕੱਠੇ ਹਾਂ। ਅਜਿਹੀ ਗਾਇਕੀ ਜੋ ਪਿੰਡ ਦੀ ਚੋਣ ਪ੍ਰਣਾਲੀ ਅਤੇ ਜਮਹੂਰੀ ਮੁੱਲਾਂ ਨੂੰ ਠੇਸ ਪਹੁੰਚਾਏ, ਉਸ ਨੂੰ ਕਦੇ ਵੀ ਬਰਦਾਸ਼ਤਯੋਗ ਨਹੀਂ ਕੀਤਾ ਜਾਵੇਗਾ।



# ਜ਼ਿੰਦਗੀ ਦੇ ਰਾਜ਼ (ਭਾਗ : 2)



1. ਕੋਈ ਵੀ ਬਿਨਾਂ ਕਿਸੇ ਕਾਰਨ ਤੋਂ ਕਿਸੇ ਨੂੰ ਮੁਫ਼ਤ ਵਿੱਚ ਪੈਸੇ/ ਧਨ/ ਰੁਪਏ ਜਾਂ ਕੋਈ ਹੋਰ ਵਸਤੂ ਨਹੀਂ ਦਿੰਦਾ। ਇਸ ਲਈ ਜੇਕਰ ਅਜਿਹਾ ਤੁਹਾਨੂੰ ਕੋਈ ਮੌਕਾ ਮਿਲੇ ਤਾਂ ਇਸ ਤੋਂ ਬਚ ਕੇ ਰਹਿਣਾ ਚਾਹੀਦਾ ਹੈ।
2. ਲਾਲਚ ਵਿੱਚ ਆ ਕੇ ਜਾਂ ਮੁਫ਼ਤ ਦਾ ਭੋਜਨ ਕਦੇ ਵੀ ਲੋੜ ਤੋਂ ਵੱਧ ਗ੍ਰਹਿਣ ਨਹੀਂ ਕਰਨਾ ਚਾਹੀਦਾ।
3. ਵਧੀਆ ਤੇ ਜ਼ਿੰਦਗੀ ਨੂੰ ਖੁਸ਼ਹਾਲ ਬਣਾਉਣ ਵਾਲ਼ੀਆਂ ਪੁਸਤਕਾਂ ਅਤੇ ਚੰਗਾ ਸਾਹਿਤ ਜ਼ਰੂਰ ਪੜ੍ਹਦੇ ਰਹਿਣਾ ਚਾਹੀਦਾ ਹੈ।
4. ਮਨ ਦੀਆਂ ਭਾਵਨਾਵਾਂ ਨੂੰ ਲਿਖਣ ਦੀ ਆਦਤ ਪਾਉਣੀ ਚਾਹੀਦੀ ਹੈ ।
5. ਪਰਾਏ ਧਨ ਅਤੇ ਪਰਾਏ ਤਨ ਤੋਂ ਆਪਣੇ - ਆਪ ਨੂੰ ਬਚਾਉਣਾ ਚਾਹੀਦਾ ਹੈ। ਇਹ ਬਰਬਾਦੀ ਦਾ ਕਾਰਨ ਬਣ ਸਕਦੇ ਹਨ।
6. ਕਿਸੇ ਦੀ ਬਦ - ਦੁਆ ਲੈਣ ਤੋਂ ਬਚਣਾ ਚਾਹੀਦਾ ਹੈ।
7. ਵਾਹਨ ਹਮੇਸ਼ਾ ਹੌਲ਼ੀ / ਧੀਮੀ / ਘੱਟ ਰਫ਼ਤਾਰ ਨਾਲ ਚਲਾਉਣਾ ਚਾਹੀਦਾ ਹੈ।
8. ਹਰ ਦਿਨ - ਤਿਓਹਾਰ ਨੂੰ ਵਾਤਾਵਰਨ - ਹਿਤੈਸ਼ੀ ਬਣ ਕੇ ਮਨਾਉਣਾ ਚਾਹੀਦਾ ਹੈ।
9. ਕਦੇ ਵੀ ਆਪਣੇ ਅਧਿਆਪਕਾਂ ਦਾ ਨਿਰਾਦਰ ਨਹੀਂ ਕਰਨਾ ਚਾਹੀਦਾ।
10. ਪਰਮਾਤਮਾ ’ਤੇ ਹਮੇਸ਼ਾ ਵਿਸ਼ਵਾਸ ਰੱਖਣਾ ਚਾਹੀਦਾ ਹੈ।
11. ਕਦੇ ਵੀ ਆਤਮ - ਹੱਤਿਆ ਨਹੀਂ ਕਰਨੀ ਚਾਹੀਦੀ। ਇਹ ਮਾਨਵ ਜੀਵਨ ਦੀ ਬਹੁਤ ਵੱਡੀ ਤ੍ਰਾਸਦੀ ਹੈ।
12. ਹਮੇਸ਼ਾ ਸੱਚ ਦੇ ਰਾਹ ’ਤੇ ਚੱਲ ਕੇ ਸੰਘਰਸ਼ ਕਰਦੇ ਰਹਿਣਾ ਚਾਹੀਦਾ ਹੈ।
13. ਚੋਰੀ ਅਤੇ ਹੱਦ ਤੋਂ ਵੱਧ ਚਲਾਕੀ ਤੋਂ ਬਚਣਾ ਚਾਹੀਦਾ ਹੈ।
14. ਆਪਣਾ ਜੀਵਨ ਪਰਮਸੱਤਾ ਪਰਮਾਤਮਾ ਅੱਗੇ ਸਮਰਪਿਤ ਕਰ ਦੇਣਾ ਚਾਹੀਦਾ ਹੈ।
15. ਜ਼ਿੰਦਗੀ ’ਚ ਸਾਨੂੰ ਸਭ ਧਰਮਾਂ ਅਤੇ ਧਾਰਮਿਕ ਅਸਥਾਨਾਂ ਦਾ ਹਮੇਸ਼ਾਂ ਸਤਿਕਾਰ ਕਰਨਾ ਚਾਹੀਦਾ ਹੈ ਤੇ ਉੱਥੇ ਜਾ ਕੇ ਆਸ਼ੀਰਵਾਦ ਲੈਂਦੇ ਰਹਿਣਾ ਚਾਹੀਦਾ ਹੈ।
16. ਰਾਤ ਨੂੰ ਸੌਣ ਤੋਂ ਪਹਿਲਾਂ ਦੰਦ ਜ਼ਰੂਰ ਸਾਫ਼ ਕਰਨੇ ਚਾਹੀਦੇ ਹਨ।
17. ਕੁਦਰਤ ਅਤੇ ਕੁਦਰਤੀ ਵਸਤੂਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ।
18. ਆਪਣੇ ਅਤੇ ਆਪਣੇ ਪਰਿਵਾਰ ’ਤੇ ਵਿਸ਼ਵਾਸ ਰੱਖਣਾ ਚਾਹੀਦਾ ਹੈ।
19. ਜਦੋਂ ਵੀ ਇੱਛਾ ਹੋਵੇ ਤਾਂ ਜੀਵ - ਜੰਤੂਆਂ ਤੇ ਪੰਛੀਆਂ ਦੀ ਸੇਵਾ ਜ਼ਰੂਰ ਕਰਨੀ ਚਾਹੀਦੀ ਹੈ। ਇਨ੍ਹਾਂ ਦੀਆਂ ਦੁਆਵਾਂ ਕਦੇ ਵਿਅਰਥ ਨਹੀਂ ਜਾਂਦੀਆਂ।
20. ਮਾਸ , ਅੰਡੇ , ਸ਼ਰਾਬ ਦੀ ਵਰਤੋਂ ਤੋਂ ਬਚਣਾ ਚਾਹੀਦਾ ਹੈ।
21. ਜ਼ਿੰਦਗੀ ’ਚ ਭਾਵੇਂ ਕਿੰਨਾ ਵੀ ਧਨ , ਪ੍ਰਸਿੱਧੀ ਤੇ ਪਾਵਰ ਮਿਲ਼ ਜਾਵੇ , ਕਦੇ ਇਸਦੀ ਦੁਰਵਰਤੋਂ ਨਹੀਂ ਕਰਨੀ ਚਾਹੀਦੀ ; ਕਿਉਂਕਿ ਇਹ ਸਭ ਅਸਥਾਈ ਹੁੰਦੇ ਹਨ।
22. ਆਪਣਾ ਸਮਾਂ , ਧਨ , ਊਰਜਾ , ਸੋਚ , ਸ਼ਕਤੀ ਤੇ ਬੁੱਧੀ ਹਮੇਸ਼ਾ ਕਿਸੇ ਚੰਗੇ ਪਾਸੇ ਲਗਾਈ ਰੱਖਣੀ ਚਾਹੀਦੀ ਹੈ।
23. ਲੋੜ ਤੋਂ ਵਧੇਰੇ ਖਾਧਾਂ ਤੇ ਕੀਟ - ਨਾਸ਼ਕਾਂ ਦੀ ਵਰਤੋਂ ਮਾਨਵ ਤੇ ਜੀਵ - ਜੰਤੂਆਂ ਦੇ ਹਿੱਤ ਵਿੱਚ ਨਹੀਂ ਹੁੰਦੀ , ਇਸ ਲਈ ਇਨ੍ਹਾਂ ਦੀ ਵਰਤੋਂ ਕੇਵਲ ਲੋੜ ਅਨੁਸਾਰ ਤੇ ਮਾਹਿਰਾਂ ਦੀ ਸਲਾਹ ਅਨੁਸਾਰ ਕਰਨੀ ਚਾਹੀਦੀ ਹੈ।
24. ਵਰਖਾ ਦੇ ਪਾਣੀ ਨੂੰ ਸੰਭਾਲਣ ਲਈ ਯਥਾਸੰਭਵ ਉਪਰਾਲੇ ਕਰਨੇ ਚਾਹੀਦੇ ਹਨ।
25. ਸਾਦਾ ਜੀਵਨ ਜਿਉਣਾ ਚਾਹੀਦਾ ਹੈ। ਇਹ ਸਭ ਦੇ ਭਲੇ ਤੇ ਹਿੱਤ ਵਿੱਚ ਹੁੰਦਾ ਹੈ।
26. ਵਾਹਨਾਂ ਦੀ ਵਰਤੋਂ ਲੋੜ ਅਨੁਸਾਰ ਹੀ ਕਰਨੀ ਚਾਹੀਦੀ ਹੈ।
27. ਜ਼ਿੰਦਗੀ ’ਚ ਪੈਦਲ ਚੱਲਣ ਦੀ ਆਦਤ ਪਾਉਣੀ ਚਾਹੀਦੀ ਹੈ।
28. ਹੋ ਸਕੇ ਤਾਂ ਸਾਈਕਲ ਦੀ ਵਰਤੋਂ ਜ਼ਰੂਰ ਕਰਦੇ ਰਹਿਣਾ ਚਾਹੀਦਾ ਹੈ।
29. ਛੋਟੇ ਬੱਚਿਆਂ ਤੇ ਬਜ਼ੁਰਗਾਂ ਨਾਲ ਹਮੇਸ਼ਾ ਪਿਆਰ ਤੇ ਨਿਮਰਤਾ ਨਾਲ ਪੇਸ਼ ਆਉਣਾ ਚਾਹੀਦਾ ਹੈ।
30. ਜਿੱਥੋਂ ਤੱਕ ਹੋ ਸਕੇ ਕਿਸੇ ਦਾ ਦਿਲ ਦੁਖਾਉਣ ਤੋਂ ਬਚਣਾ ਚਾਹੀਦਾ ਹੈ।

**ਮਾਸਟਰ ਸੰਜੀਵ ਧਰਮਾਣੀ**
**ਸ੍ਰੀ ਅਨੰਦਪੁਰ ਸਾਹਿਬ**
**9478561356**



# ਡਿਪਟੀ ਕਮਿਸ਼ਨਰ ਵੱਲੋਂ ਕਿਸਾਨਾਂ ਨੂੰ ਸੁੱਕਾ ਝੋਨਾ ਹੀ ਮੰਡੀਆਂ ਵਿੱਚ ਲਿਆਉਣ ਦੀ ਅਪੀਲ

## ਜ਼ਿਲ੍ਹੇ ਦੀਆਂ ਮੰਡੀਆਂ ’ਚ 91156 ਮੀਟ੍ਰਿਕ ਟਨ ਝੋਨੇ ਦੀ ਆਮਦ, 87435 ਮੀਟ੍ਰਿਕ ਟਨ ਫ਼ਸਲ ਦੀ ਖਰੀਦ



**ਮਾਲੇਰਕੋਟਲਾ 25 ਅਕਤੂਬਰ : ਰਾਜੇਸ਼ ਸ਼ਰਮਾ** - ਝੋਨੇ ਦੀ ਖਰੀਦ ਪ੍ਰਕ੍ਰਿਆ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਡਿਪਟੀ ਕਮਿਸ਼ਨਰ ਵਿਰਾਜ ਐਸ.ਤਿੜਕੇ ਵੱਲੋਂ ਵੱਖ-ਵੱਖ ਖਰੀਦ ਏਜੰਸੀਆਂ ਤੇ ਹੋਰ ਅਧਿਕਾਰੀਆਂ ਨਾਲ ਰੋਜ਼ਾਨਾ ਆਨ ਲਾਈਨ ਮੀਟਿੰਗਾਂ ਕਰਕੇ ਖਰੀਦ ਦਾ ਜਾਇਜਾ ਲਿਆ ਜਾਂਦਾ ਹੈ ਤਾਂ ਜੋ ਕਿਸਾਨਾਂ ਨੂੰ ਮੰਡੀਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਦਿੱਕਤ ਪੇਸ਼ ਨਾ ਆਵੇ । ਆਨ ਲਾਈਨ ਮੀਟਿੰਗ ਕਰਦਿਆਂ ਉਨ੍ਹਾਂ ਖਰੀਦ ਪ੍ਰੀਕ੍ਰਿਆਂ ਵਿੱਚ ਲੱਗੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਖਰੀਦੀ ਫ਼ਸਲ ਦੀ ਨਾਲੋ-ਨਾਲ ਅਦਾਇਗੀ ਤੇ ਲਿਫ਼ਟਿੰਗ ਕਰਵਾਈ ਜਾਵੇ। ਉਹਨਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਮੰਡੀਆਂ ਵਿੱਚ ਸੁੱਕੀ ਫ਼ਸਲ ਹੀ ਲਿਆਉਣ ਤਾਂ ਕਿ ਉਹਨਾਂ ਨੂੰ ਕੋਈ ਪ੍ਰੇਸ਼ਾਨੀ ਨਾ ਆਵੇ। ਉਨ੍ਹਾਂ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਾਉਣ ਦਾ ਵੀ ਸੱਦਾ ਦਿੱਤਾ ਹੈ। ਡਿਪਟੀ ਕਮਿਸ਼ਨਰ ਨੇ ਸਮੂਹ ਕੰਬਾਇਨ ਚਾਲਕਾਂ ਨੂੰ ਹਦਾਇਤ ਕੀਤੀ ਕਿ ਝੋਨੇ ਦੀ ਕਟਾਈ ਸ਼ਾਮ 6 ਵਜੇ ਤੋਂ ਬਾਅਦ ਅਤੇ ਸਵੇਰੇ 10 ਵਜੇ ਤੋਂ ਪਹਿਲਾਂ ਨਾ ਕੀਤੀ ਜਾਵੇ ਅਤੇ ਕੰਬਾਇਨਾਂ ਉਤੇ ਸੁਪਰ ਐਸ.ਐਮ.ਐਸ ਲੱਗੇ ਹੋਣੇ ਚਾਹੀਦੇ ਹਨ ਪਰੰਤੂ ਜੇਕਰ ਕੋਈ ਕੰਬਾਇਨ ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਦਾ ਪਾਇਆ ਗਿਆ ਤਾਂ ਕੰਬਾਇਨ ਜ਼ਬਤ ਕਰ ਲਈ ਜਾਵੇਗੀ। ਉਨ੍ਹਾਂ ਖਰੀਦ ਏਜੰਸੀਆਂ ਦੇ ਜ਼ਿਲ੍ਹਾ ਮੈਨੇਜਰਾਂ ਨੂੰ ਹਦਾਇਤ ਕੀਤੀ ਕਿ ਉਹ ਝੋਨੇ ਦੀ ਫ਼ਸਲ ਦੀ ਖਰੀਦ ਨਿਰਵਿਘਨ ਢੰਗ ਨਾਲ ਕਰਵਾਉਣ ਅਤੇ ਖਰੀਦੀ ਜਿਣਸ ਦੀ 48 ਘੰਟਿਆਂ ਦੇ ਅੰਦਰ-ਅੰਦਰ ਅਦਾਇਗੀ ਅਤੇ ਲਿਫਟਿੰਗ ਯਕੀਨੀ ਬਨਾਉਣ। ਉਨ੍ਹਾਂ ਨੇ ਖਰੀਦ ਕੇਂਦਰਾਂ ’ਚ ਝੋਨੇ ਦੀ ਖਰੀਦ ਅਤੇ ਇਸਦੀ ਲਿਫਟਿੰਗ ਦੇ ਪ੍ਰਬੰਧਾਂ ਦਾ ਇਕੱਲੇ-ਇਕੱਲੇ ਕਰਕੇ ਜਾਇਜਾ ਲਿਆ ਅਤੇ ਖਰੀਦ ਏਜੰਸੀਆਂ ਨੂੰ ਕਿਸੇ ਵੀ ਤਰ੍ਹਾਂ ਦੀ ਢਿੱਲ ਮੱਠ ਨਾ ਵਰਤਣ ਦੇ ਆਦੇਸ਼ ਦਿੱਤੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 41 ਖਰੀਦ ਕੇਂਦਰਾਂ ਵਿਚੋਂ ਹੁਣ ਤੱਕ 40 ਵਿੱਚ ਝੋਨੇ ਦੀ ਖਰੀਦ ਸ਼ੁਰੂ ਹੋਈ ਹੈ ਅਤੇ ਹੁਣ ਤੱਕ ਕਰੀਬ 91156 ਮੀਟ੍ਰਿਕ ਟਨ ਦੀ ਆਮਦ ਹੋਈ ਹੈ ਅਤੇ ਇਸ ਵਿੱਚੋਂ ਕਰੀਬ 87435 ਮੀਟ੍ਰਿਕ ਝੋਨੇ ਦੀ ਖਰੀਦ ਕੀਤੀ ਜਾ ਚੁੱਕੀ ਹੈ। ਉਹਨਾਂ ਕਿਹਾ ਕਿ ਇਸ ਵਾਰ ਕਰੀਬ 4 ਲੱਖ 45 ਹਜ਼ਾਰ ਮੀਟ੍ਰਿਕ ਟਨ ਝੋਨੇ ਦੀ ਆਮਦ ਹੋਣ ਦਾ ਅਨੁਮਾਨ ਹੈ। ਹੁਣ ਤੱਕ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕਰੀਬ 179.75 ਕਰੋੜ ਰੁਪਏ ਦੀ ਅਦਾਇਗੀ ਕਿਸਾਨਾਂ ਨੂੰ ਕੀਤੀ ਜਾ ਚੁੱਕੀ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪਨਗ੍ਰੇਨ ਵੱਲੋਂ 47600 ਮੀਟ੍ਰਿਕ ਟਨ, ਮਾਰਕਫੈਡ ਵੱਲੋਂ 21720 ਮੀਟ੍ਰਿਕ ਟਨ, ਪਨਸਪ ਵੱਲੋਂ 8091 ਮੀਟ੍ਰਿਕ ਟਨ, ਪੰਜਾਬ ਰਾਜ ਵੇਅਰ ਹਾਊਸ ਕਾਰਪੋਰੇਸ਼ਨ ਵੱਲੋਂ 9787 ਮੀਟ੍ਰਿਕ ਟਨ ਅਤੇ ਵਪਾਰਿਆਂ ਵਲੋਂ ਕਰੀਬ 237 ਮੀਟ੍ਰਿਕ ਟਨ ਝੋਨੇ ਦੀ ਖ਼ਰੀਦ ਕੀਤੀ ਗਈ ਹੈ।

# ਭਗਵੰਤ ਮਾਨ ਸਰਕਾਰ ਵਲੋਂ ਲੋਕਤੰਤਰਿਕ ਮੁੱਲਾਂ ਦੀ ਉਲੰਘਣਾ - ਗਰਗ

## ਜਗਮਨ ਸਮਰਾ ਮਾਮਲੇ ਵਿੱਚ ਗ੍ਰਿਫਤਾਰੀਆਂ ’ਤੇ ਸਿਆਸੀ ਤੂਫਾਨ, ਉੱਚ ਪੱਧਰੀ ਜਾਂਚ ਦੀ ਮੰਗ

**ਭਵਾਨੀਗੜ੍ਹ, 25 ਅਕਤੂਬਰ (ਰਾਜ ਖੁਰਮੀ)**: ਕਨੇਡਾ ਨਿਵਾਸੀ ਜਗਮਨ ਸਮਰਾ ਵੱਲੋਂ ਪਿਛਲੇ ਦਿਨੀਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਸ਼ਲੀਲ ਵੀਡੀਓ ਨਸ਼ਰ ਹੋਣ ਨਾਲ ਸੂਬੇ ਦੀ ਰਾਜਨੀਤੀ ‘ਚ ਹਲਚਲ ਮਚੀ ਹੋਈ ਹੈ। ਇਸ ਵੀਡੀਓ ਉੱਚ ਪੱਧਰੀ ਫੋਰੈਂਸਿਕ ਜਾਂਚ ਦੀ ਮੰਗ ਜ਼ੋਰਾਂ ‘ਤੇ ਹੈ ਤਾਂ ਜੋ ਸੱਚਾਈ ਪੰਜਾਬ ਦੇ ਲੋਕਾਂ ਅੱਗੇ ਆ ਸਕੇ ।ਇਸ ਸਬੰਧ ‘ਚ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਵਿਉਪਾਰ ਵਿੰਗ ਦੇ ਪ੍ਰਧਾਨ ਅਤੇ ਸਾਬਕਾ ਮੁੱਖ ਸੰਸਦੀ ਸਕੱਤਰ ਬਾਬੂ ਪ੍ਰਕਾਸ਼ ਚੰਦ ਗਰਗ ਨੇ ਸਰਕਾਰ ‘ਤੇ ਤਿੱਖੇ ਹਮਲੇ ਕੀਤੇ ਹਨ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਆਪਣੀਆਂ ਅਸਫਲਤਾਵਾਂ ਨੂੰ ਢੱਕਣ ਲਈ ਗੈਰ-ਲੋਕਤੰਤਰਿਕ ਅਤੇ ਗੈਰ-ਸੰਵਿਧਾਨਿਕ ਹੱਦਾਂ ਤੱਕ ਉਤਰ ਆਈ ਹੈ ।ਉਨ੍ਹਾਂ ਦੋਸ਼ ਲਗਾਇਆ ਕਿ ਜਗਮਨ ਸਮਰਾ ਦਾ ਪਿੰਡ ਫੱਗੂਵਾਲਾ ਹੋਣ ਕਰਕੇ, ਸਰਕਾਰ ਵੱਲੋਂ ਉਨ੍ਹਾਂ ਦੇ ਸ਼ਰੀਕੇ ਦੇ ਪਰਿਵਾਰਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਮੂਣਕ ਥਾਣੇ ਵਿੱਚ ਪੁਰਾਣੇ ਕੇਸਾਂ ਨੂੰ ਖੋਲ੍ਹ ਕੇ ਇਲਾਕੇ ਦੇ ਮੋਹਤਵਰ ਪਰਿਵਾਰ ਦੇ ਮੈਂਬਰ ਰਵੀਇੰਦਰ ਸਿੰਘ (ਰੋਵੀ) ਘੁਮਾਣ, ਰੁਪਿੰਦਰ ਸਿੰਘ ਰੋਮੀ ਅਤੇ ਜਸਵਿੰਦਰ ਸਿੰਘ ਜੱਸੀ ਨੂੰ ਗ੍ਰਿਫਤਾਰ ਕਰਨਾ ਭਗਵੰਤ ਮਾਨ ਦੀ ਬੁਖਲਾਹਟ ਭਰੀ ਅਤੇ ਗੈਰ-ਇਖਲਾਕੀ ਕਾਰਵਾਈ ਹੈ ।ਬਾਬੂ ਪ੍ਰਕਾਸ਼ ਚੰਦ ਗਰਗ ਨੇ ਚੇਤਾਵਨੀ ਦਿੱਤੀ ਕਿ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਇਸ ਜਬਰ ਦੇ ਖਿਲਾਫ ਪੀੜਤ ਪਰਿਵਾਰ ਨਾਲ ਡੱਟ ਕੇ ਖੜੇਗਾ। ਉਨ੍ਹਾਂ ਪੁਲਿਸ ਅਧਿਕਾਰੀਆਂ ਨੂੰ ਵੀ ਸਲਾਹ ਦਿੱਤੀ ਕਿ ਉਹ ਸਰਕਾਰ ਦੀ ਕਠਪੁਤਲੀ ਬਣਨ ਦੀ ਬਜਾਏ ਆਪਣੇ ਫਰਜ਼ ਦੀ ਪਾਲਣਾ ਕਰਨ, ਨਹੀਂ ਤਾਂ ਭਵਿੱਖ ਵਿੱਚ ਇਸ ਦੇ ਗੰਭੀਰ ਨਤੀਜੇ ਭੁਗਤਣੇ ਪੈਣਗੇ ।ਉਨ੍ਹਾਂ ਮੰਗ ਕੀਤੀ ਕਿ ਵੀਡੀਓ ਦੀ ਉੱਚ ਪੱਧਰੀ ਫੋਰੈਂਸਿਕ ਜਾਂਚ ਕਰਵਾ ਕੇ ਸੱਚਾਈ ਸਾਹਮਣੇ ਲਿਆਂਦੀ ਜਾਵੇ, ਤਾਂ ਜੋ ਲੋਕਤੰਤਰ ਤੇ ਮੀਡੀਆ ਦੀ ਆਜ਼ਾਦੀ ‘ਤੇ ਵਿਸ਼ਵਾਸ ਕਾਇਮ ਰਹੇ।



# ਸਰਬੱਤ ਦਾ ਭਲਾ ਟਰੱਸਟ ਨੇ ਹੜ੍ਹ ਪ੍ਰਭਾਵਿਤ ਪਰਿਵਾਰਾਂ ਦੇ ਬੱਚਿਆਂ ਦੀਆਂ ਫੀਸਾਂ ਭਰੀਆਂ




**ਅੰਮ੍ਰਿਤਸਰ, 25 ਅਕਤੂਬਰ (ਸੋਨੂ ਨਰੂਲਾ)**- ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਅਤੇ ਸੰਸਾਰ ਪ੍ਰਸਿੱਧ ਸਮਾਜ ਸੇਵੀ ਸ਼ਖਸੀਅਤ ਡਾ. ਐਸ. ਪੀ. ਸਿੰਘ ਉਬਰਾਏ ਦੀ ਅਗਵਾਈ ਹੇਠ ਚੱਲ ਰਹੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਅਨੇਕਾਂ ਭਲੇ ਦੇ ਕਾਰਜ ਚਲਾਏ ਜਾ ਰਹੇ ਹਨ ਤੇ ਲੋੜਵੰਦਾਂ ਦੀ ਸਹਾਇਤਾ ਕੀਤੀ ਜਾ ਰਹੀ ਹੈ। ਇਸੇ ਲੜੀ ਤਹਿਤ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਟਪਿਆਲਾ ਵਿਖੇ ਹੜ ਪ੍ਰਭਾਵਿਤ ਵਿਦਿਆਰਥੀਆਂ ਪੰਜਾਬ ਬੋਰਡ ਦੀਆਂ ਫੀਸਾਂ ਸਰਬੱਤ ਦਾ ਭਲਾ ਟਰੱਸਟ ਵੱਲੋਂ ਦਿੱਤੀਆਂ ਗਈਆਂ। ਇਸ ਮੌਕੇ ਸਕੂਲ ਸਟਾਫ ਨੇ ਟਰੱਸਟ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਟਰੱਸਟ ਦੇ ਇਸ ਉਪਰਾਲੇ ਨਾਲ ਇਨ੍ਹਾਂ ਵਿਦਿਆਰਥੀਆਂ ਦੇ ਮਨੋਬਲ ਅਤੇ ਆਤਮ ਵਿਸ਼ਵਾਸ ਨੂੰ ਵਧਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੇ। ਇਸ ਮੌਕੇ ਟਰੱਸਟ ਦੇ ਪੰਜਾਬ ਪ੍ਰਧਾਨ ਸੁਖਜਿੰਦਰ ਸਿੰਘ ਹੇਰ, ਨਵਜੀਤ ਸਿੰਘ ਘਈ, ਗੁਰਦਰਸ਼ਨ ਸਿੰਘ ਲੈਕਚਰਾਰ, ਸ਼੍ਰੀਮਤੀ ਰਾਜਤਿੰਦਰ ਕੌਰ, ਨਿਸ਼ਾਨ ਸਿੰਘ, ਅਰਵਿੰਦਰ ਸਿੰਘ ਲੈਕਚਰਾਰ, ਸ਼੍ਰੀਮਤੀ ਅਰੀਨਾ ਰਾਣੀ, ਜੁਝਾਰ ਸਿੰਘ, ਦਿਲਬਾਗ ਸਿੰਘ, ਵਿਸ਼ਾਲ ਕੁਮਾਰ, ਕੰਵਲਜੀਤ ਸਿੰਘ ਚੋਗਾਵਾਂ ਆਦਿ ਹਾਜ਼ਰ ਸਨ।

# ਦੇਸ਼ ਭਗਤ ਗਲੋਬਲ ਸਕੂਲ ਵਿੱਚ ਪੰਜਾਬੀ ਚੈਨਲ ਵੱਲੋਂ ਆਉਣ ਵਾਲੇ ਨਵੇਂ ਰਿਅਲਿਟੀ ਸ਼ੋ (ਕਿਸ ਮੇ ਕਿਤਨਾ ਹੈ ਦਮ) ਲਈ ਆਡੀਸ਼ਨ ਕਰਵਾਏ ਗਏ

## "ਇਸ ਤਰ੍ਹਾਂ ਦੇ ਮੌਕੇ ਵਿਦਿਆਰਥੀਆਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਦਾ ਮੌਕਾ ਦਿੰਦੇ ਹਨ ਅਤੇ ਉਨ੍ਹਾਂ ਨੂੰ ਵੱਡੇ ਮੰਚਾਂ ਤੱਕ ਪਹੁੰਚਣ ਲਈ ਪ੍ਰੇਰਿਤ ਕਰਦੇ ਹਨ "- ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ

**ਸ੍ਰੀ ਮੁਕਤਸਰ ਸਾਹਿਬ, 25 ਅਕਤੂਬਰ (ਰਵੀਨਾ ਅਰੋੜਾ)** ਦੇਸ਼ ਭਗਤ ਕੈਂਪਸ, ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਅਤੇ ਦੇਸ਼ ਭਗਤ ਯੂਨੀਵਰਸਿਟੀ ਦੇ ਮਾਨਯੋਗ ਚਾਂਸਲਰ ਡਾਕਟਰ ਜ਼ੋਰਾ ਸਿੰਘ ਅਤੇ ਪ੍ਰੋ ਚਾਂਸਲਰ ਡਾਕਟਰ ਤੇਜਿੰਦਰ ਕੌਰ ਦੀ ਯੋਗ ਅਗਵਾਈ ਹੇਠ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਅਤੇ ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ ਦੀ ਦੇਖ ਰੇਖ ਹੇਠ ਦੇਸ਼ ਭਗਤ ਗਲੋਬਲ ਸਕੂਲ ਵਿਖੇ ਡੀ ਡੀ ਪੰਜਾਬੀ ਚੈਨਲ ਵੱਲੋਂ ਆਉਣ ਵਾਲੇ ਨਵੇਂ ਰਿਅਲਿਟੀ ਸ਼ੋ (ਕਿਸ ਮੇ ਕਿਤਨਾ ਹੈ ਦਮ) ਲਈ ਆਡੀਸ਼ਨ ਕਰਵਾਏ ਗਏ। ਇਸ ਮੌਕੇ ਵਿਦਿਆਰਥੀਆਂ ਨੇ ਵੱਖ-ਵੱਖ ਸ਼੍ਰੇਣੀਆਂ ਜਿਵੇਂ ਗਾਇਕੀ, ਨਾਚ, ਅਭਿਨੈ ਅਤੇ ਐਂਕਰਿੰਗ ਵਿੱਚ ਆਪਣੀ ਕਾਬਲੀਅਤ ਦਾ ਪ੍ਰਦਰਸ਼ਨ ਕੀਤਾ। ਇਸ ਤੋਂ ਇਲਾਵਾ ਬੱਚਿਆਂ ਦੀ ਜਰਨਲ ਨੌਲੇਜ ਚੈਕ ਕਰਨ ਲਈ ਕੁਇਜ਼ ਮੁਕਾਬਲਾ ਵੀ ਕਰਵਾਇਆ ਗਿਆ। ਬੱਚਿਆਂ ਦੇ ਜੋਸ਼ ਅਤੇ ਆਤਮਵਿਸ਼ਵਾਸ ਨੂੰ ਦੇਖ ਕੇ ਜੱਜਾਂ ਨੇ ਬਹੁਤ ਪ੍ਰਸ਼ੰਸਾ ਕੀਤੀ ਅਤੇ ਬੱਚਿਆਂ ਨੂੰ ਆਉਣ ਵਾਲੇ ਦੂਸਰੇ ਰਾਊਂਡ ਜੋ ਕਿ ਅਗਲੇ ਹਫ਼ਤੇ ਕਰਵਾਇਆ ਜਾਵੇਗਾ ਵਿੱਚ ਸ਼ਾਮਿਲ ਕੀਤਾ। ਇਸ ਰਿਐਲਿਟੀ ਸ਼ੋ ਦੇ ਕੁਲ ਪੰਜ ਰਾਊਂਡ ਹੋਣਗੇ ਜੋ ਬੱਚੇ ਫਾਈਨਲ ਵਿੱਚ ਜਾਣਗੇ ਉਹ ਟੀਵੀ ਦੇ ਰਿਐਲਿਟੀ ਸ਼ੋਅ ਕਿਸਮੇ ਕਿਤਨਾ ਹੈ ਦਮ ਵਿਚ ਭਾਗ ਲੈ ਸਕਣਗੇ ਅਤੇ ਇੱਕ ਪੰਜਾਬੀ ਮੂਵੀ ਵਿੱਚ ਕੰਮ ਕਰਨ ਦਾ ਮੌਕਾ ਪ੍ਰਾਪਤ ਕਰ ਸਕਣਗੇ। ਇਸ ਤੋਂ ਇਲਾਵਾ ਜੇਤੂ ਬੱਚਿਆਂ ਨੂੰ ਪੰਜ ਲੱਖ ਦਾ ਇਨਾਮ ਦਿੱਤਾ ਜਾਵੇਗਾ। ਇਸ ਮੌਕੇ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਨੇ ਕਿਹਾ ਕਿ ਇਸ ਤਰ੍ਹਾਂ ਦੇ ਮੌਕੇ ਵਿਦਿਆਰਥੀਆਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਦਾ ਮੌਕਾ ਦਿੰਦੇ ਹਨ ਅਤੇ ਉਨ੍ਹਾਂ ਨੂੰ ਵੱਡੇ ਮੰਚਾਂ ਤੱਕ ਪਹੁੰਚਣ ਲਈ ਪ੍ਰੇਰਿਤ ਕਰਦੇ ਹਨ। ਉਹਨਾਂ ਕਿਹਾ ਕਿ ਸਾਡੇ ਵਿਦਿਆਰਥੀਆਂ ਨੇ ਰਿਆਲਟੀ ਸ਼ੋਅ ਦੇ ਆਡੀਸ਼ਨ ਵਿੱਚ ਹਿੱਸਾ ਲੈ ਕੇ ਆਪਣੇ ਅੰਦਰ ਲੁਕੇ ਟੈਲੈਂਟ ਨੂੰ ਸਾਬਤ ਕੀਤਾ ਹੈ। ਇਸ ਤਰ੍ਹਾਂ ਦੇ ਮੌਕੇ ਬੱਚਿਆਂ ਵਿੱਚ ਵਿਸ਼ਵਾਸ, ਸਟੇਜ ਪ੍ਰੈਜ਼ੈਂਸ ਅਤੇ ਰਚਨਾਤਮਕ ਸੋਚ ਨੂੰ ਉਤਸ਼ਾਹਿਤ ਕਰਦੇ ਹਨ। ਮੈਂ ਸਾਰੇ ਹਿੱਸਾ ਲੈਣ ਵਾਲੇ ਬੱਚਿਆਂ ਨੂੰ ਸ਼ੁਭਕਾਮਨਾਵਾਂ ਦਿੰਦਾ ਹਾਂ ਅਤੇ ਉਮੀਦ ਕਰਦਾ ਹਾਂ ਕਿ ਉਹ ਅੱਗੇ ਵੀ ਆਪਣੀ ਕਲਾ ਨਾਲ ਸਕੂਲ ਅਤੇ ਮਾਪਿਆਂ ਦਾ ਨਾਮ ਰੌਸ਼ਨ ਕਰਨਗੇ। ਵਾਈਸ ਪ੍ਰਿੰਸੀਪਲ ਨੇ ਵੀ ਬੱਚਿਆਂ ਨੂੰ ਹੋਰ ਮਿਹਨਤ ਕਰਨ ਅਤੇ ਆਪਣੀ ਕਲਾ ਨੂੰ ਨਿਖਾਰਨ ਲਈ ਉਤਸ਼ਾਹਿਤ ਕੀਤਾ। ਉਹਨਾਂ ਕਿਹਾ ਕਿ ਰਿਆਲਟੀ ਸ਼ੋਅ ਦੇ ਆਡੀਸ਼ਨ ਬੱਚਿਆਂ ਲਈ ਸਿਖਣ ਅਤੇ ਅਪਣੀ ਯੋਗਤਾ ਦਿਖਾਉਣ ਦਾ ਸ਼ਾਨਦਾਰ ਮੰਚ ਹੁੰਦਾ ਹੈ। ਇਸ ਨਾਲ ਬੱਚਿਆਂ ਦੇ ਅੰਦਰ ਆਤਮਵਿਸ਼ਵਾਸ ਤੇ ਪ੍ਰਸਤੁਤੀ ਕੌਸ਼ਲ ਵਿਕਸਿਤ ਹੁੰਦੇ ਹਨ। ਸਾਡੇ ਸਕੂਲ ਦੇ ਵਿਦਿਆਰਥੀਆਂ ਨੇ ਬਹੁਤ ਉਤਸ਼ਾਹ ਨਾਲ ਹਿੱਸਾ ਲਿਆ, ਜੋ ਸਾਡੇ ਲਈ ਮਾਣ ਦੀ ਗੱਲ ਹੈ। ਮੇਜਰ ਚੰਦ, ਸੁਪ੍ਰਿੰਟੈਂਡੈਂਟ ਅਤੇ ਮੀਡੀਆ ਕੋਰਡੀਨੇਟਰ, ਦੇਸ਼ ਭਗਤ ਕੈਂਪਸ ਨੇ ਦੱਸਿਆ ਕਿ ਆਡੀਸ਼ਨ ਦੇ ਦੌਰਾਨ ਸਕੂਲ ਦਾ ਮਾਹੌਲ ਉਤਸ਼ਾਹ ਅਤੇ ਖੁਸ਼ੀ ਨਾਲ ਭਰਪੂਰ ਰਿਹਾ।

# ਸਰਕਾਰ ਕਰ ਰਹੀ ਹੈ ਧੱਕੇਸ਼ਾਹੀ ਤੇ ਰਾਜਨੀਤਿਕ ਬਦਲੇ ਦੀ ਕਾਰਵਾਈ- ਗੋਲਡੀ





**ਭਵਾਨੀਗੜ੍ਹ, 25 ਅਕਤੂਬਰ (ਰਾਜ ਖੁਰਮੀ)** ਇਥੋਂ ਦੇ ਹਲਕੇ ਦੇ ਨੇੜਲੇ ਪਿੰਡ ਫੱਗੂਵਾਲਾ ਵਿੱਚ ਅੱਜ ਸ਼੍ਰੋਮਣੀ ਅਕਾਲੀ ਦਲ ਵੱਲੋਂ ਪੰਜਾਬ ਸਰਕਾਰ ਖ਼ਿਲਾਫ਼ ਤੀਖਾ ਰੋਸ ਪ੍ਰਦਰਸ਼ਨ ਕੀਤਾ ਗਿਆ। ਪ੍ਰਦਰਸ਼ਨ ਦੀ ਅਗਵਾਈ ਹਲਕਾ ਇੰਚਾਰਜ ਵਿਨਰਜੀਤ ਸਿੰਘ ਗੋਲਡੀ ਨੇ ਕੀਤੀ।ਗੋਲਡੀ ਨੇ ਦੋਸ਼ ਲਗਾਇਆ ਕਿ ਮੌਜੂਦਾ ਸਰਕਾਰ ਵੱਲੋਂ ਧੱਕੇਸ਼ਾਹੀ ਤੇ ਰਾਜਨੀਤਿਕ ਬਦਲੇ ਦੀ ਕਾਰਵਾਈ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਕਨੇਡਾ ਨਿਵਾਸੀ ਜਗਮਨ ਸਮਰਾ ਵੱਲੋਂ ਪਿਛਲੇ ਦਿਨੀਂ ਇੱਕ ਵੀਡੀਓ ਜਾਰੀ ਕੀਤੀ ਗਈ ਸੀ, ਜੋ ਮੁੱਖ ਮੰਤਰੀ ਨੂੰ ਲੈ ਕੇ ਸੀ। ਵੀਡੀਓ ਵਾਇਰਲ ਹੋਣ ਤੋਂ ਬਾਅਦ ਪੁਲੀਸ ਵੱਲੋਂ ਫੱਗੂਵਾਲ ਪਿੰਡ ਦੇ ਤਿੰਨ ਨੌਜਵਾਨਾਂ ਰਵੀਇੰਦਰ ਸਿੰਘ ਰੋਵੀ ਘੁਮਾਣ, ਰੁਪਿੰਦਰ ਸਿੰਘ ਰੋਮੀ ਤੇ ਜਸਵਿੰਦਰ ਸਿੰਘ ਜੱਸੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।ਗੋਲਡੀ ਨੇ ਕਿਹਾ ਕਿ ਜਗਮਨ ਸਮਰਾ ਪਿੰਡ ਫੱਗੂਵਾਲਾ ਰਹਿੰਦਾ ਸੀ ਉਸ ਦੇ ਖ਼ਿਲਾਫ਼ ਪਹਿਲਾਂ ਹੀ 2017 ਵਿੱਚ ਪਰਚੇ ਦਰਜ ਹਨ, ਪਰ ਹੁਣ ਉਸਦੇ ਰਿਸ਼ਤੇਦਾਰਾਂ ਅਤੇ ਪਿੰਡ ਦੇ ਬੇਗੁਨਾਹ ਨੌਜਵਾਨਾਂ ਨੂੰ ਫਸਾਇਆ ਜਾ ਰਿਹਾ ਹੈ, ਜੋ ਕਿ ਪੂਰੀ ਤਰ੍ਹਾਂ ਗਲਤ ਤੇ ਅਨਿਆਏ ਹੈ। ਰੋਸ ਵਜੋਂ ਪਿੰਡ ਵਾਸੀਆਂ ਅਤੇ ਅਕਾਲੀ ਦਲ ਦੇ ਵਰਕਰਾਂ ਨੇ ਪੰਜਾਬ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ ਅਤੇ ਗ੍ਰਿਫਤਾਰ ਕੀਤੇ ਨੌਜਵਾਨਾਂ ਦੀ ਤੁਰੰਤ ਰਿਹਾਈ ਦੀ ਮੰਗ ਕੀਤੀ। ਗੋਲਡੀ ਨੇ ਚੇਤਾਵਨੀ ਦਿੱਤੀ ਕਿ ਜੇਕਰ ਇਹ ਧੱਕੇਸ਼ਾਹੀ ਜਾਰੀ ਰਹੀ ਤਾਂ ਸ਼੍ਰੋਮਣੀ ਅਕਾਲੀ ਦਲ ਇਸ ਮਾਮਲੇ ਨੂੰ ਵੱਡੇ ਪੱਧਰ 'ਤੇ ਉਠਾਏਗਾ। ਉਧਰੋਂ ਜਦੋਂ ਇਸ ਬਾਰੇ ਐਸਐਚਓ ਭਵਾਨੀਗੜ੍ਹ ਨਾਲ ਸੰਪਰਕ ਕੀਤਾ ਗਿਆ ,ਤਾਂ ਉਨ੍ਹਾਂ ਵੱਲੋਂ ਕੋਈ ਠੋਸ ਜਵਾਬ ਨਹੀਂ ਦਿੱਤਾ ਗਿਆ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਤਜਿੰਦਰ ਸਿੰਘ ਸੰਘਰੇੜੀ, ਇਕਬਾਲਜੀਤ ਸਿੰਘ ਪੂਨੀਆ, ਰੁਪਿੰਦਰ ਸਿੰਘ ਰੰਧਾਵਾ, ਸਰਪੰਚ ਬਿੰਦਰ ਸਿੰਘ ਬਟੜਿਆਣਾ, ਸਾਬਕਾ ਸਰਪੰਚ ਹਰਜਿੰਦਰ ਸਿੰਘ ਜਲਾਨ, ਸਰਪੰਚ ਗੁਰਪ੍ਰੀਤ ਸਿੰਘ ਕਾਲਾ (ਫੱਗੂਵਾਲਾ),ਜਸਕਰਨ ਸਿੰਘ ਹਰਵਿੰਦਰ ਸਿੰਘ ਗੋਲਡੀ, ਪ੍ਰਭਜੀਤ ਸਿੰਘ ਲੱਕੀ, ਮੈਨੇਜਰ ਜਗਜੀਤ ਸਿੰਘ ਜੱਗੀ ਸੰਗਤਪੁਰ, ਗੁਰਮੀਤ ਸਿੰਘ ਜੈਲਦਾਰ, ਸੋਮਾ ਫੱਗੂਵਾਲ ਸਮੇਤ ਹੋਰ ਕਈ ਅਕਾਲੀ ਆਗੂ ਹਾਜ਼ਰ ਸਨ।

# ਬਲਾਕ ਪੱਧਰੀ ਖੇਡਾਂ 'ਚ ਸਰਕਾਰੀ ਪ੍ਰਾਇਮਰੀ ਸਕੂਲ ਦੇ ਵਿਦਿਆਰਥੀਆਂ ਨੇ ਮੱਲਾਂ ਮਾਰੀਆਂ




**ਸ੍ਰੀ ਮੁਕਤਸਰ ਸਾਹਿਬ, 25 ਅਕਤੂਬਰ (ਲੱਕੀ ਚੜੇਵਾਨ)**- ਪਿਛਲੇ ਦਿਨੀ ਖੇਡ ਸਟੇਡੀਅਮ ਕੋਟਲੀ ਦੇਵਨ ਵਿਖੇ ਸੰਪੰਨ ਹੋਈਆਂ ਬਲਾਕ ਮੁਕਤਸਰ-1 ਦੀਆਂ ਬਲਾਕ ਪੱਧਰੀ ਖੇਡਾਂ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਬਸਤੀ ਟਿੱਬੀ ਸਾਹਿਬ ਦੇ ਖਿਡਾਰੀਆਂ ਨੇ ਹਾਕੀ ਕੁੜੀਆਂ ਵਿੱਚ ਪਹਿਲਾਂ ਸਥਾਨ, ਜਿਮਨਾਸਟਿਕ ਕੁੜੀਆਂ ਵਿੱਚ ਪਹਿਲਾਂ ਸਥਾਨ , ਸਤਰੰਜ ਮੁੰਡੇ ਅਤੇ ਕੁੜੀਆਂ ਪਹਿਲਾ ਸਥਾਨ ਹਾਸਿਲ ਕੀਤਾ। ਸਕੂਲ ਮੁਖੀ ਨਵਦੀਪ ਅਹੂਜਾ ਨੇ ਦੱਸਿਆ ਕਿ ਸਕੂਲ ਦੇ ਖਿਡਾਰੀਆਂ ਨੇ ਇਹਨਾਂ ਖੇਡਾਂ ਵਿੱਚ ਬਹੁਤ ਹੀ ਵਧੀਆ ਪ੍ਰਦਰਸ਼ਨ ਕੀਤਾ ਅਤੇ ਸਕੂਲ ਦੇ ਨਾਲ ਨਾਲ ਆਪਣੇ ਮਾਂ ਬਾਪ ਦਾ ਨਾਮ ਵੀ ਰੋਸ਼ਨ ਕੀਤਾ। ਇਸ ਦੇ ਨਾਲ ਹੀ ਸਕੂਲ ਮੁਖੀ ਨੇ ਆਉਣ ਵਾਲੀਆਂ ਜ਼ਿਲਾ ਪੱਧਰ ਦੀ ਖੇਡਾਂ ਲਈ ਬੱਚਿਆਂ ਨੂੰ ਸ਼ੁਭਕਾਮਨਾਵਾਂ ਵੀ ਦਿੱਤੀਆਂ। ਇਹਨਾਂ ਬੱਚਿਆਂ ਨੂੰ ਖੇਡਾਂ ਦੀ ਤਿਆਰੀ ਕਰਵਾਉਣ ਵਿੱਚ ਮੈਡਮ ਸਰਬਜੀਤ ਕੌਰ, ਮੈਡਮ ਅੰਮ੍ਰਿਤ ਕੌਰ ਅਤੇ ਮੈਡਮ ਪੂਨਮ ਜੀ ਦਾ ਵਿਸ਼ੇਸ਼ ਯੋਗਦਾਨ ਰਿਹਾ। ਇਸ ਮੌਕੇ ਤੇ ਮੈਡਮ ਨੀਰੂ, ਮੈਡਮ ਨੀਲਮ ਗੋਇਲ, ਮੈਡਮ ਪਰਮਿੰਦਰ ਕੌਰ, ਮੈਡਮ ਗੁਰਮੀਤ ਕੌਰ, ਮੈਡਮ ਕੁਲਵਿੰਦਰ ਕੌਰ, ਮੈਡਮ ਅਨੀਤਾ, ਮੈਡਮ ਪ੍ਰੀਆ ਚਾਵਲਾ, ਮੈਡਮ ਸੰਦੀਪ ਕੌਰ, ਮੈਡਮ ਵੀਨਾ ਮੈਡਮ, ਮੋਨਿਕਾ ਰਾਨੀ, ਮੈਡਮ ਕਿਰਨਜੀਤ ਕੌਰ, ਮੈਡਮ ਬਲਜਿੰਦਰ ਕੌਰ ਦੇ ਨਾਲ ਨਾਲ ਜਤਿਨ ਕੁਮਾਰ ਵੀ ਹਾਜ਼ਰ ਸਨ।

# ਸਰਦੀਆਂ ਦੇ ਬਦਲਦੇ ਮੌਸਮ ਵਿੱਚ ਆਪਣੀ ਚਮੜੀ ਦਾ ਰੱਖੋ ਖ਼ਾਸ ਖ਼ਿਆਲ- ਡਾ.ਰਵਨੀਤ ਕੌਰ

**ਤਪਾ ਮੰਡੀ, 25 ਅਕਤੂਬਰ (ਬੰਟੀ ਦੀਕਸ਼ਿਤ,ਮੇਸੀ ਤਪਾ, ਅਰੁਣ ਗੋਇਲ):** ਸਰਦੀ ਦਾ ਮੌਸਮ ਸ਼ੁਰੂ ਹੋ ਰਿਹਾ ਹੈ।ਇਸ ਮੌਸਮ 'ਚ ਚਮੜੀ ਖੁਸ਼ਕ ਹੋ ਜਾਂਦੀ ਹੈ ਅਤੇ ਚਮੜੀ ਨਾਲ ਜੁੜੀਆਂ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਹੋਣ ਲੱਗਦੀਆਂ ਹਨ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਸਬ ਡਵੀਜ਼ਨਲ ਹਸਪਤਾਲ ਤਪਾ ਵਿਖੇ ਤਾਇਨਾਤ ਚਮੜੀ ਰੋਗਾਂ ਦੇ ਮਾਹਰ ਡਾ.ਰਵਨੀਤ ਕੌਰ ਨੇ ਕਿਹਾ ਕਿ ਸਰਦੀਆਂ ਦੇ ਮੌਸਮ ਵਿੱਚ ਜੋ ਮੁੱਖ ਸਮੱਸਿਆ ਆਉਂਦੀ ਹੈ ਉਹ ਹੈ ਚਮੜੀ ਦਾ ਖੁਸ਼ਕ ਹੋ ਜਾਣਾ ਹੈ,ਜਿਸ ਕਾਰਨ ਚਮੜੀ ਨਾਲ ਸਬੰਧਤ ਕਈ ਤਰ੍ਹਾਂ ਦੀਆਂ ਬਿਮਾਰੀਆਂ ਹੋਣ ਦਾ ਖ਼ਦਸ਼ਾ ਹੁੰਦਾ ਹੈ। ਇਸ ਤੋਂ ਇਲਾਵਾ ਸਰਦੀਆਂ ਦੇ ਮੌਸਮ ਦੌਰਾਨ ਵਾਲਾਂ ਵਿੱਚ ਡੈਂਡਰਫ,ਚਮੜੀ ਦਾ ਸੁੱਕਾ ਅਤੇ ਚਿੱਟਾ ਹੋਣਾ, ਖੁਜਲੀ,ਬੁੱਲ੍ਹਾਂ ਦਾ ਫਟੇ ਹੋਣਾ,ਸੋਰਾਇਸਿਸ ਅਤੇ ਵੱਖ-ਵੱਖ ਥਾਵਾਂ 'ਤੇ ਜ਼ਖ਼ਮ ਆਦਿ ਹੋਣ ਵਰਗੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉਨ੍ਹਾਂ ਕਿਹਾ ਕਿ ਖੁਸ਼ਕ ਚਮੜੀ ਤੋਂ ਬਚਣ ਲਈ ਕੁਦਰਤੀ ਪਦਾਰਥਾਂ ਵਾਲੇ ਮੋਇਸ਼ਚਰਾਈਜ਼ਰ ਜਾਂ ਨਾਰੀਅਲ ਦੇ ਤੇਲ ਦੀ ਵਰਤੋਂ ਕਰੋ।ਇਸ ਤੋਂ ਇਲਾਵਾ ਆਪਣੀ ਰੋਜ਼ਾਨਾ ਦੀ ਖ਼ੁਰਾਕ ਵਿੱਚ ਹਰੀਆਂ ਸਬਜ਼ੀਆਂ,ਫਲ,ਦਹੀਂ,ਬਦਾਮ,ਮੱਛੀ (ਜੋ ਲੋਕ ਖਾ ਸਕਦੇ ਹਨ) ਤੋਂ ਇਲਾਵਾ ਵਿਟਾਮਿਨ-ਈ ਤੇ ਓਮੇਗਾ-3 ਫੈਟੀ ਐਸਿਡ ਯੁਕਤ ਚੀਜ਼ਾਂ ਦਾ ਸੇਵਨ ਕਰਨਾ ਚਾਹੀਦਾ ਹੈ।ਸਰਦੀਆਂ ਦੇ ਮੌਸਮ ਵਿੱਚ ਬਹੁਤ ਗਰਮ ਪਾਣੀ ਦੀ ਬਜਾਏ ਗੁਣਗੁਣੇ (ਕੋਸੇ) ਪਾਣੀ ਨਾਲ ਹੀ ਨਹਾਉਣਾ ਚਾਹੀਦਾ ਹੈ ਤੇ ਕਠੋਰ ਸਾਬਣ ਦੀ ਵਰਤੋਂ ਨਹੀਂ ਕਰਨੀ ਚਾਹੀਦੀ।ਡਾ. ਰਵਨੀਤ ਨੇ ਕਿਹਾ ਕਿ ਚਮੜੀ ਦੀ ਬਿਮਾਰੀ ਘਾਤਕ ਨਹੀਂ ਹੈ ਪਰ ਇਹ ਮਰੀਜ਼ ਨੂੰ ਬਹੁਤ ਪਰੇਸ਼ਾਨ ਕਰਦੀ ਹੈ।ਉਨ੍ਹਾਂ ਅਪੀਲ ਕਰਦਿਆਂ ਕਿਹਾ ਕਿ ਛੋਟੇ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਫੰਗਲ ਇਨਫੈਕਸਨ,ਸਕੇਬੀਜ਼,ਕੁਸ਼ਟ ਰੋਗ,ਵਾਲਾਂ ਤੇ ਚਮੜੀ ਸਬੰਧੀ ਕਿਸੇ ਵੀ ਤਰ੍ਹਾਂ ਦੀ ਕੋਈ ਦਿੱਕਤ ਆਉਂਦੀ ਹੈ ਤਾਂ ਉਹ ਸਬ ਡਵੀਜ਼ਨਲ ਹਸਪਤਾਲ ਤਪਾ ਆ ਸਕਦਾ ਹੈ।



# ਜੈ ਮਾਤਾ ਵੈਸ਼ਨੋ ਦੇਵੀ ਸੇਵਾ ਸਮਿਤੀ ਦੀ ਮੀਟਿੰਗ ਹੋਈ



**ਗਿੱਦੜਬਾਹਾ, 25 ਅਕਤੂਬਰ (ਕੁਲਭੂਸ਼ਨ ਗਰਗ)** - ਜੈ ਮਾਤਾ ਵੈਸ਼ਨੋ ਦੇਵੀ ਸੇਵਾ ਸਮਿਤੀ ਗਿੱਦੜਬਾਹਾ ਦੀ ਇਕ ਮੀਟਿੰਗ ਪ੍ਰਧਾਨ ਪੁਨੀਤ ਕਟਾਰੀਆ ਪੂੰਨੂੰ ਦੀ ਪ੍ਰਧਾਨਗੀ ਹੇਠ ਉਨਾਂ ਦੇ ਦਫਤਰ ਵਿਖੇ ਹੋਈ। ਮੀਟਿੰਗ ਦੌਰਾਨ ਮਾਤਾ ਵੈਸ਼ਨੋ ਦੇਵੀ ਦੇ ਦਰਸ਼ਨਾਂ ਲਈ ਬੱਸ ਰਵਾਨਾ ਕਰਨ ਸਬੰਧੀ ਚਰਚਾ ਕੀਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਪੁਨੀਤ ਕਟਾਰੀਆ ਨੇ ਦੱਸਿਆ ਕਿ ਹਰ ਸਾਲ ਦੀ ਤਰਾਂ ਇਸ ਸਾਲ ਵੀ ਨਵੇਂ ਸਾਲ ਦੇ ਸਬੰਧ ਵਿਚ ਇਕ ਬੱਸ ਮਾਤਾ ਵੈਸ਼ਨੋ ਦੇਵੀ ਦੇ ਦਰਸ਼ਨਾ ਲਈ ਰਵਾਨਾ ਕੀਤੀ ਜਾਵੇਗੀ। ਉਨਾਂ ਨੇ ਕਿਹਾ ਕਿ ਉਕਤ ਬੱਸ 29 ਦਸੰਬਰ ਦਿਨ ਸੋਮਵਾਰ ਨੂੰ ਦੇਰ ਸ਼ਾਮ ਸਥਾਨਕ ਸ਼ਿਵ ਮੰਦਰ ਕੋਲੋਂ ਰਵਾਨਾ ਹੋਵੇਗੀ ਜੋ ਕਿ 1 ਜਨਵਰੀ 2026 ਨੂੰ ਦੁਪਹਿਰ ਤੱਕ ਵਾਪਸ ਗਿੱਦੜਬਾਹਾ ਪੁਜੇਗੀ। ਇਸ ਮੌਕੇ ਪੁਨੀਤ ਕਟਾਰੀਆ ਪੂਨੂੰ, ਉਮ ਪ੍ਰਕਾਸ਼ ਸਿੰਗਲਾ, ਗੋਪਾਲ ਗੋਇਲ, ਡਾ. ਅਨੀਲ ਗਰਗ, ਤਰਸੇਮ ਗਰਗ ਅੰਬੀ, ਸੰਨੀ ਗਰੋਵਰ, ਵਿਜੇ ਕੁਮਾਰ ਅਤੇ ਗੌਰਵ ਵਰਮਾਂ ਆਦੀ ਹਾਜਰ ਸਨ।

# ਬੇਲਾ ਕਾਲਜ ਦਾ ਕੁਸ਼ਤੀ ਮੁਕਾਬਲਿਆਂ 'ਚ ਸ਼ਾਨਦਾਰ ਪ੍ਰਦਰਸ਼ਨ



**ਸ੍ਰੀ ਚਮਕੌਰ ਸਾਹਿਬ, 25 ਅਕਤੂਬਰ ਅਮਰਜੀਤ ਸਿੰਘ ਕਲਸੀ** – ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਬੇਲਾ ਦੇ ਖਿਡਾਰੀਆਂ ਨੇ ਬਰਜਿੰਦਰਾ ਕਾਲਜ ਫਰੀਦਕੋਟ ਵਿਖੇ ਦੋ ਦਿਨਾਂ ਹੋਏ ਵੱਖੋ-ਵੱਖਰੇ ਕੁਸ਼ਤੀ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ । ਕਾਲਜ ਪ੍ਰਿੰਸੀਪਲ ਡਾ. ਸਤਵੰਤ ਕੌਰ ਸ਼ਾਹੀ ਨੇ ਦੱਸਿਆ ਕਿ ਸਰੀਰਿਕ ਸਿੱਖਿਆ ਵਿਭਾਗ ਦੇ ਮੁਖੀ ਲੈਫਟੀਨੈਂਟ ਪ੍ਰਿਤਪਾਲ ਸਿੰਘ ਅਤੇ ਪ੍ਰੋ. ਅਮਰਜੀਤ ਸਿੰਘ ਦੀ ਅਗਵਾਈ ਅਧੀਨ ਖਿਡਾਰੀਆਂ ਨੇ ਫਰੀ ਸਟਾਈਲ ਅਤੇ ਗਰੀਕੋ ਰੋਮਨ (ਪੁਰਸ਼) ਮੁਕਾਬਲਿਆਂ ਵਿੱਚ ਭਾਗ ਲਿਆ। ਖਿਡਾਰੀਆਂ ਨੇ ਆਪਣੀ ਬੇਮਿਸਾਲ ਪ੍ਰਤਿਭਾ ਦਿਖਾਉਂਦਿਆਂ ਇਨ੍ਹਾਂ ਦੋਹਾਂ ਮੁਕਾਬਲਿਆਂ ਵਿੱਚ ਓਵਰਆਲ ਦੂਜੀ ਪੁਜੀਸ਼ਨ ਹਾਸਲ ਕੀਤੀ। ਫਰੀ ਸਟਾਈਲ ਮੁਕਾਬਲੇ ਵਿੱਚ ਖਿਡਾਰੀ ਤਾਲਬ ਹੁਸੈਨ ਨੇ 125 ਕਿਲੋਗ੍ਰਾਮ ਵਰਗ ਵਿੱਚ ਲਗਾਤਾਰ ਪੰਜਵੀਂ ਵਾਰ ਸੋਨ ਤਮਗਾ ਆਪਣੇ ਨਾਮ ਕੀਤਾ। ਇਸ ਦੇ ਨਾਲ 70 ਕਿਲੋਗ੍ਰਾਮ ਵਰਗ ਵਿੱਚ ਬਲਦੇਵ ਸਿੰਘ ਨੇ ਸੋਨ ਤਮਗਾ ਅਤੇ 92 ਕਿਲੋਗ੍ਰਾਮ ਵਰਗ ਵਿੱਚ ਬਰਕਤ ਅਲੀ ਨੇ ਚਾਂਦੀ ਦਾ ਤਮਗਾ ਆਪਣੀ ਝੋਲੀ ਪਵਾਇਆ। ਡਾ ਮਮਤਾ ਅਰੋੜਾ ਨੇ ਦੱਸਿਆ ਕਿ ਗਰੀਕੋ ਰੋਮਨ ਕੁਸ਼ਤੀ ਵਿੱਚ ਕਾਲਜ ਦਾ ਨਾਮ ਰੋਸ਼ਨ ਕਰਦਿਆਂ 77 ਕਿਲੋ ਵਰਗ ਵਿੱਚ ਗਗਨਦੀਪ ਸਿੰਘ ਨੇ ਸੋਨ ਤਮਗਾ ਅਤੇ 55 ਕਿਲੋ ਵਰਗ ਵਿੱਚ ਆਰਜੂ ਨੇ ਚਾਂਦੀ ਦਾ ਮੈਡਲ ਹਾਸਿਲ ਕੀਤਾ। ਇਸ ਤੋਂ ਬਿਨ੍ਹਾਂ ਹੋਰ ਮੁਕਾਬਲਿਆਂ ਵਿੱਚ ਖਿਡਾਰੀਆਂ ਨੇ 4 ਕਾਂਸੀ ਦੇ ਮੈਡਲ ਜਿੱਤ ਕੇ ਓਵਰਆਲ ਟਰਾਫੀ ਦੀ ਦੂਜੀ ਪੁਜੀਸ਼ਨ 'ਤੇ ਕਬਜ਼ਾ ਕੀਤਾ। ਕਾਲਜ ਕਮੇਟੀ ਦੇ ਪ੍ਰਧਾਨ ਸੰਗਤ ਸਿੰਘ ਲੌਂਗੀਆ, ਮੈਨੇਜਰ ਸੁਖਵਿੰਦਰ ਸਿੰਘ ਵਿਸਕੀ ਅਤੇ ਸਕੱਤਰ ਜਗਵਿੰਦਰ ਸਿੰਘ ਪੰਮੀ ਨੇ ਕਿਹਾ ਕਿ ਇਹ ਸਾਰੇ ਖਿਡਾਰੀ ਪੰਜਾਬੀ ਹਨ ਅਤੇ ਬਹੁਤੇ ਇਲਾਕੇ ਨਾਲ ਸੰਬੰਧਿਤ ਹਨ। ਉਨ੍ਹਾਂ ਲਗਾਤਾਰ 125 ਕਿਲੋ ਵਰਗ ਭਾਰ ਵਿੱਚ ਪੰਜਵੀਂ ਵਾਰ ਸੋਨ ਤਮਗਾ ਜਿੱਤ ਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਖੇਡ ਵਰਗ ਵਿੱਚ ਰਿਕਾਰਡ ਦਰਜ ਹੋਣ ਤੇ ਵੀ ਸਮੂਹ ਕਾਲਜ ਸਟਾਫ ਨੂੰ ਵਧਾਈ ਦਿੱਤੀ। ਇਸ ਮੌਕੇ ਪ੍ਰੋ. ਸੁਨੀਤਾ ਰਾਣੀ, ਪ੍ਰੋ ਗੁਰਲਾਲ ਸਿੰਘ, ਪ੍ਰੋ ਇੰਦੂ ਬਾਲਾ ਅਤੇ ਜਸਵੀਰ ਕੌਰ ਆਦਿ ਹਾਜ਼ਰ ਸਨ।

# ਰਾਜਪਾਲ ਵਲੋਂ ਸ਼੍ਰੀ ਅਨੰਦਪੁਰ ਸਾਹਿਬ ਨੂੰ ਜ਼ਿਲਾ ਬਣਵਾਉਣ ਦਾ ਦਿੱਤਾ ਗਿਆ ਭਰੋਸਾ- ਬਲਰਾਮ ਪਰਾਸ਼ਰ



**ਸ੍ਰੀ ਆਨੰਦਪੁਰ ਸਾਹਿਬ 25 ਅਕਤੂਬਰ (ਸੈਣੀ ਨਿੱਕੂਵਾਲ)** ਵਿਧਾਨ ਸਭਾ ਹਲਕਾ ਸ਼੍ਰੀ ਅਨੰਦਪੁਰ ਸਾਹਿਬ ਭਾਜਪਾ ਦੇ ਤੇਜ਼ ਤਰਾਰ ਨੌਜਵਾਨ ਆਗੂ ਤੇ ਜਿਲ੍ਹਾ ਭਾਜਪਾ ਦੇ ਚੀਫ ਸਪੋਕਸਪਰਸਨ ਸ਼੍ਰੀ ਬਲਰਾਮ ਪਰਾਸ਼ਰ ਵੱਲੋਂ ਜਿਲ੍ਹਾ ਭਾਜਪਾ ਦੇ (ਮਹਾਤਮਾ ਵਿੱਧੁਰ) ਸੀਨੀਅਰ ਆਗੂ ਸ਼੍ਰੀ ਕੇ.ਕੇ. ਬੇਦੀ ਤੇ ਜਿਲ੍ਹਾ ਭਾਜਪਾ ਸਕੱਤਰ ਸ਼੍ਰੀ ਰਾਮ ਕੁਮਾਰ ਸ਼ਰਮਾਂ ਦੀ ਅਗਵਾਈ ਹੇਠ ਸ਼੍ਰੀ ਅਨੰਦਪੁਰ ਸਾਹਿਬ ਨੂੰ ਜਿਲ੍ਹਾ ਬਣਵਾਉਣ ਲਈ ਇੱਕ ਵਿਸ਼ੇਸ਼ ਮੰਗ ਨੂੰ ਲੈ ਕੇ ਪ੍ਰਤੀਨਿਧੀ ਮੰਡਲ ਪੰਜਾਬ ਦੇ ਰਾਜਪਾਲ ਸ਼੍ਰੀ ਗ਼ੁਲਾਬ ਚੰਦ ਕਟਾਰੀਆ ਨੂੰ ਚੰਡੀਗੜ੍ਹ ਸਥਿਤ ਉਨ੍ਹਾਂ ਦੀ ਸਰਕਾਰੀ ਰਿਹਾਇਸ਼ ਵਿੱਖੇ ਮਿਲਿਆ ਤੇ ਇਸ ਮੌਕੇ ਤੇ ਉਨ੍ਹਾਂ ਨੇ ਰਾਜਪਾਲ ਪੰਜਾਬ ਸ਼੍ਰੀ ਗੁਲਾਬ ਚੰਦ ਕਟਾਰੀਆ ਜੀ ਨਾਲ ਮੀਟਿੰਗ ਦੌਰਾਨ ਖਾਲਸੇ ਦੀ ਜਨਮ ਭੂਮੀ ਸ਼੍ਰੀ ਅਨੰਦਪੁਰ ਸਾਹਿਬ ਦੀ ਇਤਿਹਾਸਕ ਮਹੱਤਤਾ ਅਤੇ ਸ਼੍ਰੀ ਗੁਰੂ ਤੇਗ ਬਹਾਦਰ ਜੀ ਵਲੋਂ ਕਸ਼ਮੀਰੀ ਪੰਡਤਾਂ ਦੀ ਫਰਿਆਦ ਸੁਣ ਕੇ ਇਂਸਾਨੀਅਤ ਤੇ ਧਰਮ ਦੀ ਰਾਖੀ ਲਈ ਦਿੱਤੀ ਲਾਸਾਨੀ ਸ਼ਹਾਦਤ ਨੂੰ ਲੈ ਕੇ ਮਨਾਏ ਜਾ ਰਹੇ ਸ਼ਤਾਬਦੀ ਸ਼ਹੀਦੀ ਸਮਾਗਮਾਂ ਨੂੰ ਧਿਆਨ ਵਿਚ ਰੱਖਦੀਆਂ ਉਨ੍ਹਾਂ ਨੂੰ ਅਪੀਲ ਕੀਤੀ ਕਿ ਰਾਜ ਦੇ ਸੰਵਿਧਾਨਕ ਮੁਖੀ ਹੋਣ ਨਾਤੇ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪ੍ਰੋਗਰਾਮਾਂ ਦੌਰਾਨ ਸ਼੍ਰੀ ਅਨੰਦਪੁਰ ਸਾਹਿਬ ਨੂੰ ਜ਼ਿਲਾ ਘੋਸ਼ਿਤ ਕੀਤਾ ਜਾਵੇ ਤਾਂ ਜੋ ਸ਼੍ਰੀ ਅਨੰਦਪੁਰ ਸਾਹਿਬ ਦੀ ਧਰਤੀ ਨੂੰ ਵਿਸ਼ੇਸ਼ ਮਹੱਤਤਾ ਮਿਲ ਸਕੇ।

ਨੌਜਵਾਨ ਆਗੂ ਬਲਰਾਮ ਪਰਾਸ਼ਰ ਵੱਲੋਂ ਗਵਰਨਰ ਗ਼ੁਲਾਬ ਚੰਦ ਕਟਾਰੀਆ ਜੀ ਨੂੰ ਸ਼੍ਰੀ ਅਨੰਦਪੁਰ ਸਾਹਿਬ, ਸ਼੍ਰੀ ਕੀਰਤਪੁਰ ਸਾਹਿਬ ਦੀ ਇਤਿਹਾਸਕ ਮਹੱਤਤਾ ਤੋਂ ਇਲਾਵਾ ਨੰਗਲ ਦੀ ਸੁਹੱਪਣ ਤੇ ਨੰਗਲ ਨੂੰ ਇੱਕ ਟੂਰਿਜਮ ਹੱਬ ਵਜੋਂ ਵਿਕਸਤ ਕਰਨ ਤੇ ਹਿਮਾਚਲ ਨਾਲ ਲਗਦੇ ਅਰਧ ਪਹਾੜੀ ਇਲਾਕੇ ਚੰਗਰ ਅਤੇ ਸਤਲੁਜ ਦਰਿਆ ਦੇ ਕੰਢਿਆਂ ਤੇ ਵਸੇ ਬੇਲਿਆਂ ਦੇ ਲੋਕਾਂ ਦੀ ਭੂਗੋਲਿਕ ਸਥਿਤੀ ਤੋਂ ਇਲਾਵਾ ਵਿਕਾਸ ਨਾਲੋਂ ਕੱਟ ਚੁੱਕੇ ਭਰਤਗੜ੍ਹ ਇਲਾਕੇ ਦੇ ਲੋਕਾਂ ਸਮੇਤ ਪੂਰੇ ਵਿਧਾਨ ਸਭਾ ਹਲਕਾ ਸ਼੍ਰੀ ਅਨੰਦਪੁਰ ਸਾਹਿਬ ਦੇ ਲੋਕਾਂ ਦੀਆਂ ਪ੍ਰਸਥਿਤੀਆਂ, ਉਨਾਂ ਦੀਆਂ ਪ੍ਰੇਸ਼ਾਨੀਆਂ, ਸਿਹਤ ਸਹੂਲਤਾਂ ਦੀ ਘਾਟ, ਪੀ ਜੀ ਆਈ ਨੂੰ ਹੁੰਦੇ ਰੇਫਰ, ਸੜਕਾਂ ਦੀ ਖ਼ਸਤਾ ਹਾਲਤ, ਮਿਆਰੀ ਸਿੱਖਿਆ ਦੀ ਘਾਟ, ਇਲਾਕੇ ਦੀ ਗ਼ਰੀਬੀ, ਉਦਯੋਗਿਕ ਘਾਟ, ਸਥਾਨਕ ਪ੍ਰੋਜੈਕਟਾਂ ਵਿਚ ਸ਼੍ਰੀ ਅਨੰਦਪੁਰ ਸਾਹਿਬ ਹਲਕੇ ਦੇ ਲੋਕਾਂ ਨੂੰ ਨੌਕਰੀਆਂ ਵਿਚ ਪਹਿਲ, PSPCL, PSPCTL, PACAL, BBMB ਆਦਿ ਪ੍ਰੋਜੈਕਟਾਂ ਵਿਚ ਖਾਲੀ ਪਈਆ ਪੋਸਟਾਂ ਤੇ ਵਿਧਾਨ ਸਭਾ ਹਲਕਾ ਸ਼੍ਰੀ ਅਨੰਦਪੁਰ ਸਾਹਿਬ ਦੇ ਨੌਜਵਾਨਾਂ ਨੂੰ ਰੋਜ਼ਗਾਰ ਤੋਂ ਇਲਾਵਾ ਅਲੱਗ ਅਲੱਗ ਮੰਗਾਂ ਤੇ ਵਿਸ਼ੇਸ਼ ਚਰਚਾ ਕੀਤੀ।

# ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਸਰਕਾਰੀ ਬ੍ਰਿਜਿੰਦਰਾ ਕਾਲਜ ਵਿਖੇ 'ਬਲੈਕ ਡੇ' ਮਨਾਇਆ

## ਸਮੈਸਟਰ ਸਿਸਟਮ ਰੱਦ ਕਰਨ ਅਤੇ ਮੇਜਰ ਮਾਇਨਰ ਸਿਸਟਮ ਦੇ ਨਾਮ 'ਤੇ ਥੋਪੇ ਵਾਧੂ ਵਿਸ਼ਿਆਂ ਨੂੰ ਘੱਟ ਕਰਨ ਦੀ ਕੀਤੀ ਮੰਗ




**ਕੋਟਕਪੂਰਾ/ਫਰੀਦਕੋਟ, 25 ਅਕਤੂਬਰ (ਟਿੰਕੂ ਕੁਮਾਰ)** :- ਪੰਜਾਬ ਸਟੂਡੈਂਟਸ ਯੂਨੀਅਨ ਨੇ ਸਥਾਨਕ ਸਰਕਾਰੀ ਬ੍ਰਿਜਿੰਦਰਾ ਕਾਲਜ, ਫ਼ਰੀਦਕੋਟ ਵਿਖੇ ਨਵੀਂ ਸਿੱਖਿਆ ਨੀਤੀ-2020 ਦੇ ਵਿਰੋਧ ਵਿੱਚ 'ਬਲੈਕ ਡੇ' ਮਨਾਇਆ। ਵਿਦਿਆਰਥੀਆਂ ਨੇ ਕਾਲੇ ਰੰਗ ਦੇ ਕੱਪੜੇ ਪਾ ਕੇ ਅਤੇ ਕਾਲੇ ਰਿਬਨ ਬੰਨ ਕੇ ਸਰਕਾਰ ਦੀਆਂ ਸਿੱਖਿਆ ਮਾਰੂ ਨੀਤੀਆਂ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਅਤੇ 11 ਨਵੰਬਰ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਕੀਤੇ ਜਾ ਰਹੇ ਵੱਡੇ ਪ੍ਰਦਰਸ਼ਨ ਵਿੱਚ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ। ਪੀ ਐੱਸ ਯੂ ਦੇ ਸੂਬਾ ਕਮੇਟੀ ਮੈਂਬਰ ਹਰਵੀਰ ਗੰਧੜ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਥੋਪੀ ਗਈ ਨਵੀਂ ਸਿੱਖਿਆ ਨੀਤੀ ਸਰਕਾਰੀ ਵਿਦਿਅਕ ਅਦਾਰਿਆਂ ਨੂੰ ਖਤਮ ਵਾਸਤੇ ਲਿਆਂਦੀ ਗਈ ਨੀਤੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਨੀਤੀ ਦਾ ਮੂਲ ਮਕਸਦ ਸਿੱਖਿਆ ਦਾ 'ਵਪਾਰੀਕਰਨ', 'ਕੇਂਦਰੀਕਰਨ' ਅਤੇ 'ਭਗਵਾਂਕਰਨ' ਕਰਕੇ ਇਸ ਨੂੰ ਸਿਰਫ਼ ਅਮੀਰਾਂ ਦੀ ਪਹੁੰਚ ਤੱਕ ਸੀਮਤ ਕਰਨਾ ਹੈ। ਉਹਨਾਂ ਬੋਲਦਿਆਂ ਕਿਹਾ ਕਿ ਇਸ ਨੀਤੀ ਰਾਹੀਂ ਸਿੱਖਿਆ ਵਿੱਚੋਂ ਵਿਗਿਆਨਕ ਸਿਲੇਬਸ ਕੱਢਿਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਸਿਲੇਬਸ ਘੱਟ ਕਰਨ ਦੇ ਨਾਮ 'ਤੇ ਬਹੁਤ ਸਾਰਾ ਲੋਕ ਪੱਖੀ ਸਿਲੇਬਸ ਕੱਢਣ ਤੋਂ ਬਾਅਦ ਸਰਕਾਰ ਨੇ ਮੇਜਰ ਮਾਇਨਰ ਸਿਸਟਮ ਦੇ ਨਾਮ 'ਤੇ ਵਿਦਿਆਰਥੀਆਂ ਉੱਪਰ ਵਾਧੂ ਵਿਸ਼ੇ ਧੱਕੇ ਨਾਲ ਥੋਪੇ ਹਨ, ਜਿਨ੍ਹਾ ਦੀਆਂ ਨਾ ਹੀ ਕਿਤਾਬਾਂ ਹਨ ਤੇ ਨਾ ਹੀ ਅਧਿਆਪਕ। ਉਹਨਾਂ ਕਿਹਾ ਕਿ ਇਸ ਸਿਸਟਮ ਕਰਕੇ ਵਿਦਿਆਰਥੀਆਂ ਦੇ ਫੇਲ ਹੋ ਜਾਣ ਦਾ ਖਦਸ਼ਾ ਹੈ। ਪੀ ਐੱਸ ਯੂ ਦੇ ਆਗੂ ਅਰਸ਼ਦੀਪ ਸਿੰਘ ਅਤੇ ਅਭਿਨਵ ਸੋਢੀ ਨੇ 'ਮੇਜਰ-ਮਾਈਨਰ ਸਿਸਟਮ' ਦੇ ਨਾਮ 'ਤੇ ਥੋਪੇ ਗਏ ਵਾਧੂ ਵਿਸ਼ਿਆਂ ਨੂੰ ਤੁਰੰਤ ਰੱਦ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਇਹ ਸਿਸਟਮ ਨਿੱਜੀਕਰਨ ਦੀ ਰਾਹ ਪੱਧਰਾ ਕਰਦਾ ਹੈ। ਕਾਲਜਾਂ ਕੋਲ ਬੁਨਿਆਦੀ ਢਾਂਚਾ ਅਤੇ ਅਧਿਆਪਕ ਨਹੀਂ ਹਨ, ਇਸ ਲਈ ਵਿਦਿਆਰਥੀਆਂ 'ਤੇ ਵਾਧੂ ਬੋਝ ਪਾ ਕੇ ਉਨ੍ਹਾਂ ਨੂੰ ਮਹਿੰਗੇ ਕੋਚਿੰਗ ਸੈਂਟਰਾਂ ਜਾਂ ਨਿੱਜੀ ਸੰਸਥਾਵਾਂ ਵੱਲ ਧੱਕਿਆ ਜਾ ਰਿਹਾ ਹੈ। ਇਹ ਸਿੱਧੇ ਤੌਰ 'ਤੇ ਸਿੱਖਿਆ ਨੂੰ 'ਵਸਤੂ' ਬਣਾਉਣ ਦੀ ਚਾਲ ਹੈ, ਜਿੱਥੇ ਗਿਆਨ ਦਾ ਅਰਥ ਕੇਵਲ 'ਮੁਨਾਫ਼ਾ' ਕਮਾਉਣਾ ਰਹਿ ਜਾਂਦਾ ਹੈ। ਉਹਨਾਂ ਸਮੈਸਟਰ ਸਿਸਟਮ ਨੂੰ ਰੱਦ ਕਰਕੇ ਸਾਲ ਵਿੱਚ ਇੱਕੋ ਵਾਰ ਪੇਪਰ ਲੈਣ ਦੀ ਮੰਗ ਦੁਹਰਾਈ। ਆਗੂਆਂ ਨੇ ਤਰਕ ਦਿੱਤਾ ਕਿ ਸਮੈਸਟਰ ਪ੍ਰਣਾਲੀ ਵਿਦਿਆਰਥੀਆਂ ਨੂੰ ਸਾਰਾ ਸਾਲ ਪੇਪਰਾਂ ਦੀ ਤਿਆਰੀ ਵਿੱਚ ਉਲਝਾਈ ਰੱਖਦੀ ਹੈ। ਇਸ ਨਾਲ ਉਹ ਆਪਣੇ ਜਮਹੂਰੀ ਹੱਕਾਂ, ਸਮਾਜਿਕ ਮਸਲਿਆਂ ਅਤੇ ਰਾਜਨੀਤਿਕ ਚੇਤਨਾ ਤੋਂ ਦੂਰ ਹੋ ਜਾਂਦੇ ਹਨ। ਇਹ 'ਮੰਥਨ' ਦੀ ਬਜਾਏ 'ਰੱਟੇਬਾਜ਼ੀ' ਨੂੰ ਉਤਸ਼ਾਹਿਤ ਕਰਦੀ ਹੈ। ਪੀ ਐੱਸ ਯੂ ਦੇ ਜ਼ਿਲ੍ਹਾ ਆਗੂ ਸੁਖਬੀਰ ਸਿੰਘ ਨੇ ਕਿਹਾ ਕਿ ਨਵੀਂ ਸਿੱਖਿਆ ਨੀਤੀ ਪੂੰਜੀਵਾਦੀ ਹਿੱਤਾਂ ਦੀ ਨੀਤੀ ਹੈ। ਇਸ ਦਾ ਮਕਸਦ ਵਿਦਿਆਰਥੀਆਂ ਨੂੰ ਸਿਰਫ਼ ਨਿਪੁੰਨ 'ਮਜ਼ਦੂਰ' ਬਣਾਉਣਾ ਹੈ, ਨਾ ਕਿ ਜਾਗਰੂਕ ਅਤੇ ਪ੍ਰਸ਼ਨ ਕਰਨ ਵਾਲੇ 'ਨਾਗਰਿਕ'। ਅਸੀਂ ਇਸ ਨੀਤੀ ਦੇ ਖਿਲਾਫ਼ ਅੰਤਿਮ ਸਾਹ ਤੱਕ ਲੜਾਂਗੇ। ਪ੍ਰੋਗਰਾਮ ਦੇ ਅੰਤ ਵਿੱਚ ਵਿਦਿਆਰਥੀਆਂ ਨੇ ਐਲਾਨ ਕੀਤਾ ਕਿ ਉਹ 11 ਨਵੰਬਰ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਇਕੱਠੇ ਹੋ ਕੇ ਨਵੀਂ ਸਿੱਖਿਆ ਨੀਤੀ ਨੂੰ ਰੱਦ ਕਰਵਾਉਣ ਲਈ ਮਜ਼ਬੂਤ ਆਵਾਜ਼ ਬੁਲੰਦ ਕਰਨਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪੀ.ਐਸ.ਯੂ. ਆਗੂ ਗੁਰਵਿੰਦਰ ਸਿੰਘ, ਸੋਨੀਆ ਗੁਰੂਹਰਸਹਾਏ, ਸਿਮਰਨਜੀਤ ਕੌਰ, ਗੁਰਲਾਭ ਰੋਡੇ, ਮਨਪਰੀਤ ਕੌਰ, ਗੁਰਪ੍ਰੀਤ ਮੰਡ, ਅਨਮੋਲ ਸਿੰਘ ਆਦਿ ਨੇ ਵੀ ਸੰਬੋਧਨ ਕੀਤਾ।

# ਮਾਸਟਰ ਬਲਜਿੰਦਰ ਸਿੰਘ ਸ਼ਰਮਾ ਦੇ ਨਮਿੱਤ ਪਾਠ ਦਾ ਭੋਗ ਅੱਜ



**ਗਿੱਦੜਬਾਹਾ, 25 ਅਕਤੂਬਰ (ਕੁਲਭੂਸ਼ਨ ਗਰਗ)** - ਮਾਸਟਰ ਬਲਜਿੰਦਰ ਸਿੰਘ ਸ਼ਰਮਾ ਮੈਨੇਜਿੰਗ ਡਾਇਰੈਕਟਰ ਐਵਰੈਸਟ ਪਬਲਿਕ ਸੀਨੀਅਰ ਸੈਕਡਰੀ ਸਕੂਲ ਕੋਟਭਾਈ ਦਾ ਬੀਤੇ ਦਿਨੀਂ ਦੇਹਾਂਤ ਹੋ ਗਿਆ। ਸਵ. ਮਾਸਟਰ ਬਲਜਿੰਦਰ ਸਿੰਘ ਸ਼ਰਮਾ ਦੇ ਦੇਹਾਂਤ ਤੇ ਟੀਚਰ ਯੂਨੀਅਨ, ਸਕੂਲ ਮੁਖੀਆਂ, ਅਧਿਆਪਕਾਂ ਤੋਂ ਇਲਾਵਾ ਸਮਾਜਿਕ, ਰਾਜਨੀਤਿਕ, ਧਾਰਮਿਕ ਅਤੇ ਵਪਾਰਕ ਜੱਥੇਬੰਦੀਆਂ ਦੇ ਪ੍ਰਤੀਨਿਧੀਆਂ ਨੇ ਸ਼ਰਮਾ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਸਵ.ਮਾਸਟਰ ਬਲਜਿੰਦਰ ਸਿੰਘ ਸ਼ਰਮਾ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਸਹਿਜ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ 26 ਅਕਤੂਬਰ 2025 ਦਿਨ ਐਤਵਾਰ ਨੂੰ ਗੁਰਦੁਆਰਾ ਸ੍ਰੀ ਗੁਰੂਸਰ ਸਾਹਿਬ ਪਾਤਸ਼ਾਹੀ ਦਸਵੀ ਪਿੰਡ ਕੋਟਭਾਈ ਵਿਖੇ ਬਾਅਦ ਦੁਪਹਿਰ 12 ਤੋ 1 ਵਜੇ ਤੱਕ ਪਵੇਗਾ।

# ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ ਕਰਾਉਣ ਦਾ ਫੈਸਲਾ



**ਕੋਟਕਪੂਰਾ, 25 ਅਕਤੂਬਰ (ਟਿੰਕੂ ਕੁਮਾਰ)** :- ਰਾਮ ਮੁਹੰਮਦ ਸਿੰਘ ਆਜ਼ਾਦ ਵੈਲਫੇਅਰ ਸੁਸਾਇਟੀ ਕੋਟਕਪੂਰਾ ਵੱਲੋਂ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਜ਼ਿਲ੍ਹਾ ਫਰੀਦਕੋਟ ਦੇ ਸਰਕਾਰੀ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਪੜ੍ਹ ਰਹੇ ਛੇਵੀਂ ਤੋਂ ਅੱਠਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦਾ ਜੂਨੀਅਰ ਗਰੁੱਪ ਅਤੇ ਨੌਵੀਂ ਤੋਂ ਬਾਰਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦਾ ਸੀਨੀਅਰ ਗਰੁੱਪ ਬਣਾ ਕੇ 20 ਨਵੰਬਰ ਨੂੰ ਸਵੇਰੇ ਠੀਕ 10:00 ਵਜੇ ਸ਼ਹੀਦ ਭਗਤ ਸਿੰਘ ਪਾਰਕ ਸਾਹਮਣੇ ਸਰਕਾਰੀ ਮਿਡਲ ਸਕੂਲ ਪੁਰਾਣਾ ਕਿਲ੍ਹਾ ਕੋਟਕਪੂਰਾ ਵਿਖੇ ਭਾਸ਼ਣ ਮੁਕਾਬਲੇ ਕਰਵਾਏ ਜਾ ਰਹੇ ਹਨ। ਇਹ ਜਾਣਕਾਰੀ ਦਿੰਦਿਆਂ ਸੁਸਾਇਟੀ ਦੇ ਪ੍ਰਧਾਨ ਅਸ਼ੋਕ ਕੌਸ਼ਲ, ਪ੍ਰੇਮ ਚਾਵਲਾ ਮੀਤ ਪ੍ਰਧਾਨ, ਕੁਲਵੰਤ ਸਿੰਘ ਚਾਨੀ ਜਨਰਲ ਸਕੱਤਰ, ਸੋਮਨਾਥ ਅਰੋੜਾ ਵਿੱਤ ਸਕੱਤਰ, ਗੁਰਿੰਦਰ ਸਿੰਘ ਮਹਿੰਦੀਰੱਤਾ ਮੁੱਖ ਸਲਾਹਕਾਰ, ਪ੍ਰੋਫੈਸਰ ਹਰਬੰਸ ਸਿੰਘ ਪਦਮ ਪੀ.ਆਰ.ਓ., ਤਰਸੇਮ ਨਰੂਲਾ ਅਤੇ ਇਕਬਾਲ ਸਿੰਘ ਮੰਘੇੜਾ ਨੇ ਦੱਸਿਆ ਕਿ ਇਹਨਾਂ ਮੁਕਾਬਲਿਆਂ ਦਾ ਵਿਸ਼ਾ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀਆਂ ਸਿੱਖਿਆਵਾਂ ਦੀ ਅਜੋਕੇ ਦੌਰ ਵਿੱਚ ਮਹੱਤਤਾ, ਧਾਰਮਿਕ ਸਹਿਣਸ਼ੀਲਤਾ ਦੇ ਅਲੰਬਰਦਾਰ ਸ਼੍ਰੀ ਗੁਰੂ ਤੇਗ ਬਹਾਦਰ ਜੀ ਹੋਵੇਗਾ। ਉਹਨਾਂ ਅੱਗੇ ਦੱਸਿਆ ਕਿ ਜੂਨੀਅਰ ਗਰੁੱਪ ਦੇ ਜੇਤੂ ਵਿਦਿਆਰਥੀਆਂ ਨੂੰ ਪਹਿਲਾ ਸਥਾਨ 2000 ਰੁਪਏ, ਦੂਜਾ ਸਥਾਨ 1500 ਰੁਪਏ ਅਤੇ ਤੀਜਾ ਸਥਾਨ 1000 ਰੁਪਏ, ਇਸੇ ਤਰ੍ਹਾਂ ਸੀਨੀਅਰ ਗਰੁੱਪ ਦੇ ਜੇਤੂ ਵਿਦਿਆਰਥੀਆਂ ਨੂੰ ਪਹਿਲਾ ਸਥਾਨ 2500 ਰੁਪਏ, ਦੂਜਾ ਸਥਾਨ 2000 ਰੁਪਏ ਅਤੇ ਤੀਜਾ ਸਥਾਨ ਨੂੰ 1500 ਰੁਪਏ ਨਗਦ ਰਾਸ਼ੀ, ਸਰਟੀਫਿਕੇਟ, ਮੈਡਲ ਅਤੇ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਨਾਲ ਸਬੰਧਤ ਇੱਕ ਪੁਸਤਕ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਉਹਨਾਂ ਅੱਗੇ ਦੱਸਿਆ ਕਿ ਜ਼ਿਲ੍ਹਾ ਫਰੀਦਕੋਟ ਦੇ ਸਮੂਹ ਸਕੂਲ ਮੁਖੀਆਂ ਨੂੰ ਪੱਤਰ ਲਿਖ ਕੇ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੇ ਨਾਂਅ 10 ਨਵੰਬਰ ਤੱਕ ਸੋਸਾਇਟੀ ਨੂੰ ਭੇਜਣ ਲਈ ਲਿਖਿਆ ਗਿਆ ਹੈ।